# ਰੇਡੀਓ ਲੜੀਵਾਰ – ਟਿਕਾਊ ਵਿਕਾਸ – ਚਲਦੀ ਰਹੇ ਇਹ ਜ਼ਿੰਦਗੀ

## ਕੜੀ-42, ਸਮਝਦਾਰੀ ਨਾਲ ਬਚਣਗੇ ਸਾਗਰ

## (Damages to ocean and the reversal thereof)


ਲੇਖਣ ਤੇ ਖੋਜ : ਸ਼ੈਸਥਾ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ


(In this episode Fathima and Govind, both children of small-time fishermen of coastal India, embark on an exciting adventure with their unusual friends – a dolphin and a sailfish. During their journey they discover how humans and natural causes have destroyed the ocean and its ecosystems. They also talk about how these can be controlled and reversed.)

(ਇਸ ਕੜੀ ਵਿਚ ਭਾਰਤ ਦੇ ਤੱਟੀ ਖੇਤਰਾਂ ਵਿਚ ਰਹਿਣ ਵਾਲੇ ਮਛੇਰਿਆਂ ਦੇ ਦੋ ਬੱਚੇ ਫਾਤਿਮਾ ਤੇ ਗੋਬਿੰਦ ਇਕ ਸਾਹਸੀ ਅਤੇ ਰੋਮਾਂਚਿਕ ਯਾਤਰਾ ‘ਤੇ ਨਿਕਲਦੇ ਹਨ। ਇਨ੍ਹਾਂ ਬੱਚਿਆਂ ਦੇ ਨਾਲ ਨੇ ਉਨ੍ਹਾਂ ਦੇ ਦੋ ਅਨੋਖੇ ਦੋਸਤ...ਡਾਲਫਿਨ ਤੇ ਇਕ ਸੇਲਫਿਸ਼। ਆਪਣੀ ਇਸ ਯਾਤਰਾ ਦੌਰਾਨ ਇਨ੍ਹਾਂ ਨੇ ਜਾਣਿਆ ਕਿ ਮਨੁੱਖ ਦੀ ਨਾ ਸਮਝੀ ਅਤੇ ਕਈ ਕੁਦਰਤੀ ਕਾਰਨਾਂ ਕਰਕੇ ਕਿਸ ਪ੍ਰਕਾਰ ਮਹਾਂਸਾਗਰਾਂ ਅਤੇ ਉਨ੍ਹਾਂ ਦੇ ਪ੍ਰਾਸਥਿਤੀਕ ਤੰਤਰ ਨੂੰ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਬੱਚਿਆਂ ਨੇ ਇਹ ਵੀ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸਮੁੰਦਰ ਦੀ ਇਸ ਬਰਬਾਦੀ ਨੂੰ ਆਖਿਰ ਰੋਕਿਆ ਕਿਵੇਂ ਜਾਵੇ।)

ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਫਾਤਿਮਾ: ਮਛੇਰੇ ਪਰਿਵਾਰ ਦੀ ਕੁੜੀ (12-13 ਸਾਲ)
4. ਗੋਬਿੰਦ: ਲੜਕਾ (11-12 ਸਾਲ)
5. ਸੀਤਾ ਨਾਮੀ ਡਾਲਫਿਨ: ਜ਼ਨਾਨਾ ਆਵਾਜ ਵਿੱਚ
6. ਗੋਲਾ ਨਾਮੀ ਸੈਲਫਿਸ਼: ਮਰਦਾਨਾ ਆਵਾਜ ਵਿੱਚ
7. ਨੈਨਸੀ: ਇੱਕ ਔਰਤ ਸੁੰਦਰਵਣ ਵਿਚ ਖੋਜ ਕਰਦੀ ਲੜਕੀ

ਲੜੀਵਾਰ ਦੇ ਸੰਗੀਤ ਦੀ ਧੁਨ................................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ – ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ – ਚਲਦੀ ਰਹੇ ਇਹ ਜਿੰਦਗੀ" ਦੀਆਂ ਇਕਤਾਲੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ , ਇਥੋਂ ਦੇ ਸਮੁੰਦਰਾਂ , ਪਹਾੜਾਂ, ਜੰਗਲ ਬੇਲਿਆਂ, ਜੰਗਲੀ ਜਾਨਵਰਾਂ, ਪਸ਼ੂ -ਪੰਛੀਆਂ ਤੇ ਦਰਿਆਵਾਂ ਨੂੰ ਤੇ ਮਨੁਖਤਾ ਨੂੰ ! ਅੱਜ ਦੀ ਕੜੀ **"ਸਮਝਦਾਰੀ ਨਾਲ ਬਚਣਗੇ ਸਾਗਰ"** ਵਿੱਚ ਹੈ ਪੇਸ਼ਕਾਰੀ ਸਾਡੇ ਇਸ ਧਰਤ ਗ੍ਰਹਿ 'ਤੇ ਜੀਵਨ ਦੀ ਹੋਂਦ ਵਾਸਤੇ ਸਾਗਰਾਂ ਦੀ ਪਰਿਆਵਰਣੀ ਪ੍ਰਣਾਲਿ ਦੀ ਮਹੱਤਤਾ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 42ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ!

**ਮਰਦ ਸੂਤਰਧਾਰ:** ਪਿਛਲੀ ਕੜੀ"**ਬਿਨ ਸਾਗਰ ਸੱਭ ਸੁੰਨ"** ਵਿੱਚ ਕਹਾਣੀ ਸੀ ਸਾਡੇ ਸਾਗਰਾਂ ਦੇ ਮਹੱਤਵ ਦੀ !

**ਔਰਤ ਸੂਤਰਧਾਰ:**ਸੁਣਿਆ ਸੀ ਕਿ ਕਿੰਨਾ ਜਰੂਰੀ ਹੈ ਸਾਗਰਾਂ ਦਾ ਬਚਣਾ, ਇਸ ਧਰਤੀ ਤੇ ਜੀਵਣ ਦੀ ਹੋਂਦ ਦੇ ਵਾਸਤੇ !

**ਮਰਦ ਸੂਤਰਧਾਰ:** ਕਹਾਣੀ ਸੀ ਕਿ ਜੀਵਣ ਪੈਦਾ ਹੋਇਆ ਹੈ ਸਾਗਰਾਂ ਦੇ ਵਿੱਚ !

**ਔਰਤ ਸੂਤਰਧਾਰ:**ਸੁਣਾਈ ਸੀ ਕਹਾਣੀ ਫਾਈਟੋਪਲੈਂਕਟਨਾਂ ਦੀ ! ਮੁੱਢ ਬੱਝਿਆ ਜਿਨ੍ਹਾਂ ਨਾਲ ਇਸ ਧਰਤੀ ਉਪਰ ਲੋੜੀਂਦੀ ਆਕਸੀਜਨ ਦਾ!

**ਮਰਦ ਸੂਤਰਧਾਰ:** ਸੁਣਾਇਆ ਸੀ ਕਿੱਸਾ ਕਿ ਇਸ ਧਰਤੀ ਦੀ ਅੱਧੀ ਤਪਸ ਨੂੰ ਚੂਸਦੇ ਨੇ ਸਮੁੰਦਰ ਹੀ !

**ਔਰਤ ਸੂਤਰਧਾਰ:** ਕਹਾਣੀ ਸੀ ਕਿ ਇਨ੍ਹਾਂ ਸਾਗਰਾਂ ਦੇ ਪ੍ਰਸਿਥਿਕ ਤੰਤਰ ਵਿੱਚ ਬਦਲਾਅ ਕਾਰਨ ਆਇਆ ਅਲ ਨੀਨੋ ਕਰ ਦਿੰਦਾ ਹੈ ਮਲੀਆ ਮੇਟ ਜੀਵਣ ਨੂੰ !

**ਮਰਦ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਮੌਸਮ ਦੇ ਬਦਲਾਅ ਕਾਰਨ ਮੀਂਹ ਘਟਣ ਕਰਕੇ ਨਦੀਆਂ ਨਾਲਿਆਂ ਵਿੱਚ ਵੀ ਪਾਣੀ ਦਾ ਘਟ ਗਿਆ ਵਹਾਅ !

**ਔਰਤ ਸੂਤਰਧਾਰ:** ਕਹਾਣੀ ਸੀ ਪਾਣੀ ਦੇ ਘੱਟਦੇ ਵਹਾਅ ਕਾਰਨ ਤਬਾਹ ਹੋ ਰਹੇ ਸੁੰਦਰਵਣ ਮੁਹਾਣੇ ਦੀ !

**ਮਰਦ ਸੂਤਰਧਾਰ:** ਗਾਥਾ ਸੀ ਮਿਟੀ ਦੇ ਖਾਰੇਪਣ ਤੇ ਗਾਰ ਵੱਧਣ ਦੀ !

**ਔਰਤ ਸੂਤਰਧਾਰ:** ਅੱਜ ਦੀ ਇਸ ਬਿਆਲੀਵੀਂ ਕੜੀ **"ਸਮਝਦਾਰੀ ਨਾਲ ਬਚਣਗੇ ਸਾਗਰ"** ਵਿੱਚ ਪੇਸ਼ ਕੀਤੀ ਜਾਵੇਗੀ ਕਹਾਣੀ ਸਾਗਰਾਂ ਦੇ ਪ੍ਰਸਥਿਤਿਕ ਤੰਤਰ ਦੀ, ਮਨੁੱਖੀ ਤੇ ਕੁਦਰਤੀ ਕਾਰਨਾਂ ਕਰਕੇ ਇਨ੍ਹਾਂ ਦੇ ਵਿਨਾਸ਼ ਦੀ, ਡੌਲਫਿਨਾਂ ਤੇ ਸੇਲਫਿਸ਼ਾਂ ਨੂੰ ਦਰਪੇਸ਼ ਖਤਰਿਆਂ ਦੀ!

**ਮਰਦ ਸੂਤਰਧਾਰ:**ਕਰਾਂਗੇ ਅਸੀਂ ਗੱਲ ਅੱਜ ! ਉਸ ਸਮਝਦਾਰੀ ਦੀ, ਬਚਣਗੇ ਜਿਸ ਨਾਲ ਸਾਡੇ ਸਾਗਰ ,

"ਸਮਝਦਾਰੀ ਨਾਲ ਬਚਣਗੇ ਸਾਗਰ"! ਸੁਣੋ ਬ੍ਰਿਤਾਂਤ ਤੁਸੀਂ, ਸਾਡੇ ਇਨ੍ਹਾਂ ਕਲਾਕਾਰਾਂ ਕੋਲੋਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

-------ਦ੍ਰਿਸ਼ ਪਰਿਵਰਤਨ ਸੰਗੀਤ--------

ਦ੍ਰਿਸ਼ ਪਹਿਲਾ

(ਸਮੁੰਦਰ ਦਾ ਕਿਨਾਰਾ/ ਲਹਿਰਾਂ ਦੀ ਅਵਾਜ਼)

**ਫਾਤਿਮਾ ਤੇ ਗੋਬਿੰਦ:(ਜਾਦੂ ਦੇ ਅੰਦਾਜ਼ 'ਚ)** ਆਬਰਾ ਕਾ ਡਾਬਰਾ....ਆਬਰਾ ਕਾ ਡਾਬਰਾ...।

(ਦੋਵੇਂ ਪਾਣੀ ਵਿਚ ਛਾਲ ਮਾਰਦੇ ਹਨ......ਜ਼ੋਰ ਦੀ 'ਛਪਾਕ' ਦੀ ਅਵਾਜ਼)

**ਫਾਤਿਮਾ:(ਉਤਸ਼ਾਹ ਨਾਲ)** ਓ ਵਾਹ...! ਸਾਡੇ ਜਾਦੂ ਨੇ ਤਾਂ ਸਾਨੂੰ ਮੱਛੀ ਬਣਾ ਦਿੱਤਾ, ਸਾਡੇ ਕੋਲ ਗਲਫੜੇ ਵੀ ਨੇ ਤੇ ਖੰਭੜੇ ਵੀ !

**ਗੋਬਿੰਦ:** **(ਹੈਰਾਨੀ ਨਾਲ)** ਹੈਂ ! ਕੀ ਇਹ ਸਭ ਹਕੀਕਤ ਹੈ ? ਬੱਸ ਇੱਕ ਡਰ ਹੈ ਕਿ ਖੂਬਸੂਰਤ ਸਮੁੰਦਰ ਦੇ ਅੰਦਰ ਕਿਤੇ ਕੋਈ ਵੱਡੀ ਮੱਛੀ ਨਾ ਨਿਗਲ ਲਏ !

(ਹਲਕੀ ਹੱਸੀ)

**ਗੋਲਾ:** **(ਹੱਸਦੇ ਹੋਏ)** ਸ਼ਿਕਾਰੀ ਮੱਛੀ ? ਬਿਲਕੁਲ ਵੀ ਚਿੰਤਾ ਨਾ ਕਰੋ ! ਮੈਂ ਤੇ ਸੀਤਾ ਤੁਹਾਡੇ ਨੇੜੇ-ਤੇੜੇ ਰਹਾਂਗੇ, ਤੁਹਾਡੀ ਰੱਖਿਆ ਕਰਾਂਗੇ, ਧਿਆਨ ਰੱਖਾਂਗੇ, ਚਲੋ, ਕਰੋ ਸੁਰੂ ਹੁਣ ਤੈਰਨਾ !

**ਸੀਤਾ:** **(ਹੱਸਦੇ ਹੋਏ)** ਕਿੰਨਾ ਪਿਆਰਾ ਨਾਮ ਦਿੱਤਾ ਹੈ ਮੈਨੂੰ ...!

**ਗੋਬਿੰਦ:** **(ਉਤਸ਼ਾਹ ਨਾਲ)** ਇਹ ਤਾਂ ਕਾਢ ਹੈ ਫਾਤਿਮਾ ਦੇ ਦਿਮਾਗ ਦੀ ! ਡਾਲਫਿਨ ਸਮੁੰਦਰੀ ਥਣਧਾਰੀ ਜੀਵ, ਕਹਿੰਦੇ ਨੇ ਇਸਨੂੰ ਸੀਟਾਸਿਅਨਜ਼ (Cetaceans) ਵੀ ! ਬੱਸ ਬਣ ਗਿਆ ਤੁਹਾਡਾ ਨਾਂ ਸੀਤਾ।

**ਫਾਤਿਮਾ:** ਧੰਨਵਾਦ ਗੋਬਿੰਦ! ਪਿਆਰੇ ਸੇਲਫਿਸ਼, ਤੁਹਾਡਾ ਨਾਂ ਰੱਖਿਆ ਹੈ ਗੋਬਿੰਦ ਨੇ ! ਤੁਹਾਡੀ ਪਿੱਠ ਦੇ ਖੰਭੜੇ ਲੱਗਦੇ ਨੇ ਨਾਰੀਅਲ ਦੇ ਪੱਤਿਆਂ ਵਰਗੇ! ਨਾਰੀਅਲ ਨੂੰ ਕਹਿੰਦੇ ਨੇ ਗੋਲਾ ਵੀ ! ਪੈ ਗਿਆ ਤੁਹਾਡਾ ਨਾਂ ਗੋਲਾ !

**ਗੋਲਾ:** ਤੁਸੀਂ ਤਾਂ ਬਹੁਤ ਸਮਝਦਾਰ ਹੋ..। ਚਲੋ, ਮਾਰੋ ਛਾਲ , ਪਾਣੀ ਦੇ ਅੰਦਰ...!

(ਖੁਸ਼ੀ ਵਿਚ ਬੱਚਿਆਂ ਦਾ ਸੀਟੀ ਮਾਰਨ ਦਾ ਸੁਰ ਤੇ ਛਾਲ ਦੀ ਅਵਾਜ਼)

**ਔਰਤ ਸੂਤਰਧਾਰ:**ਫਾਤਿਮਾ ਤੇ ਗੋਬਿੰਦ ਨਿਕਲ ਪਏ ਸਮੁੰਦਰ ਦੀ ਸੈਰ 'ਤੇ , ਆਪਣੇ ਦੋ ਦੋਸਤਾਂ ਦੇ ਨਾਲ, ਸੇਲਫਿਸ਼ (Sailfish), ਗੋਲਾ ਤੇ ਇੰਡੋ-ਪੈਸਿਫਿਕ ਡਾਲਫਿਨ, ਸੀਤਾ, ਦੀ ਮਜ਼ੇਦਾਰ ਜੋੜੀ ਦੇ ਨਾਲ ! ਬੱਚਿਆਂ ਦੇ ਮਾਪੇ, ਭਾਰਤ ਦੇ ਪੂਰਬੀ ਤੱਟ 'ਤੇ ਰਹਿਣ ਵਾਲੇ ਮਛੇਰੇ ! ਰੋਜ ਸਵੇਰ ਇਹ ਬੱਚੇ ਸਨ ਦੇਖਦੇ ਜਾਂਦੇ , ਆਪਣੇ ਰਿਸ਼ਤੇਦਾਰਾਂ ਨੂੰ ਛੋਟੀਆਂ-ਛੋਟੀਆਂ ਕਿਸ਼ਤੀਆਂ ਵਿਚ ਮੱਛੀ ਫੜਨ ਦੇ ਲਈ ! ਸਮੁੰਦਰ ਦੇ ਵਿਸਥਾਰ ਨੂੰ ਜਾਣਨ ਦੀ ਇੱਛਾ ਪਨਪੀ ਉਨ੍ਹਾਂ ਦੇ ਦਿਲਾਂ ਵਿਚ ਵੀ! ਬੇਸ਼ੱਕ ਫਾਤਿਮਾ ਦੀ ਨਾਨੀ ਤੋਂ ਸਮੁੰਦਰ ਦੀ ਕਰੂਰਤਾ ਦੀਆਂ ਕਹਾਣੀਆਂ ਸੁਣ ਕੇ ਉਹ ਡਰ ਵੀ ਗਏ ਸਨ । ਪਰ ਅੱਜ ਇਹਨਾਂ ਦੀ ਪ੍ਰੇਰਣਾ ਬਣ ਗਏ ਇਨ੍ਹਾਂ ਦਾ ਆਤਮ ਵਿਸ਼ਵਾਸ਼, ਉਤਸ਼ਾਹ, ਜਗਿਆਸਾ ਤੇ ਦੋ ਦੋਸਤਾਂ ਦਾ ਸਾਥ !

**(ਖੁਸ਼ੀ ਵਿਚ ਬੱਚਿਆਂ ਦੀ ਅਵਾਜ਼ ਤੇ ਲਹਿਰਾਂ ਦੀ ਅਵਾਜ਼)**

**ਫਾਤਿਮਾ:** ਗੋਲਾ...! ਅੱਜ ਅਸੀਂ ਬਹੁਤ ਖੁਸ਼ ਹਾਂ ! ਅੱਜ ਸਾਡੀ ਰੀਝ ਪੂਰੀ ਹੋ ਗਈ, ਸਮੁੰਦਰ ਵਿਚ ਜਾ ਕੇ ਮੱਛੀਆਂ ਵਾਂਗ ਤੈਰਨ ਦੀ ਤੇ ਇਸਦੀ ਡੂੰਘਾਈ ਵਿਚ ਜਾ ਕੇ ਦੇਖਣ ਦੀ । ਤੁਸੀਂ ਸਮੁੰਦਰ ਦੇ ਸਭ ਤੋਂ ਤੇਜ਼ ਤੈਰਾਕ ਹੋ ਤੇ ਸੀਤਾ ਹੈ ਸਭ ਤੋਂ ਬੁੱਧੀਮਾਨ ਜੀਵਾਂ ਵਿਚੋਂ ਇਕ ! ਤੁਹਾਡੇ ਨਾਲ ਗੱਲ ਕਰਨ ਦੀ ਸ਼ਕਤੀ ਮਿਲਣ ਦੀ ਹੈ ਅਤਾਹ ਖੁਸ਼ੀ!

**ਗੋਬਿੰਦ:** ਫਾਤਿਮਾ, ਸਾਨੂੰ ਛੇਤੀ ਮੁੜਨਾ ਚਾਹੀਦਾ ਹੈ। ਪਿਛਲੇ ਦਿਨੀ ਪਾਪਾ ਕਿਸੇ ਚੱਕਰਵਾਤ ਦੀ ਚੇਤਾਵਨੀ ਬਾਰੇ ਗੱਲਾਂ ਕਰ ਰਹੇ ਸੀ। ਕੀ ਪਤਾ... ਕਿਤੇ...

**(ਬੱਦਲਾਂ ਦੇ ਗਰਜਣ ਅਤੇ ਬਿਜਲੀ ਡਿੱਗਣ ਦੀ ਅਵਾਜ਼.. ਤੂਫ਼ਾਨ, ਭਾਰੀ ਮੀਂਹ ਅਤੇ ਲਹਿਰਾਂ ਦਾ ਸ਼ੋਰ... ਸਮੁੰਦਰੀ ਥਪੇੜਿਆਂ ਦੀ ਅਵਾਜ਼)**

**ਗੋਬਿੰਦ:** **(ਡਰ ਦੇ ਨਾਲ, ਜ਼ੋਰ ਦੀ ਚੀਕ ਮਾਰਦਾ ਹੈ।)**...ਫਾਤਿਮਾ...!

**ਫਾਤਿਮਾ:** **(ਡਰ ਦੇ ਕਾਰਨ ਜ਼ੋਰ ਨਾਲ ਚੀਕਦੇ ਹੋਏ।)**... ਗੋਬਿੰਦ...!

**(ਬੱਦਲਾਂ ਦੇ ਗਰਜਣ ਤੇ ਲਹਿਰਾਂ ਦਾ ਸ਼ੋਰ)**

**ਗੋਲਾ:** **(ਉੱਚੇ ਸੁਰ 'ਚ)** ਗੋਬਿੰਦ, ਤੁਸੀਂ ਸੀਤਾ ਦੇ ਨਾਲ ਰਹੋ। ਮੈਂ ਫਾਤਿਮਾ ਦਾ ਖਿਆਲ ਰੱਖਾਂਗਾ। ਹਾਲਾਤ ਠੀਕ ਹੋਣ ਤੇ ਅਸੀਂ ਇਥੇ ਹੀ ਮਿਲਾਂਗੇ। ਸੀਤਾ, ਗੋਬਿੰਦ ਦਾ ਧਿਆਨ ਰੱਖਿਓ। ਦੇਖਿਓ, ਇਸਨੂੰ ਕੋਈ ਨੁਕਸਾਨ ਨਾ ਹੋਵੇ।

**ਸੀਤਾ:** **(ਜ਼ੋਰ ਨਾਲ)** ਠੀਕ ਹੈ... ਤੁਸੀਂ ਦੋਵੇਂ ਵੀ ਆਪਣਾ ਧਿਆਨ ਰੱਖਿਓ !

**(ਬੱਦਲਾਂ ਦੀ ਗਰਜਣ ਤੇ ਲਹਿਰਾਂ ਦਾ ਸ਼ੋਰ)**

**ਗੋਲਾ:** **(ਵਿਸ਼ਵਾਸ ਦਵਾਉਣ ਦੇ ਅੰਦਾਜ਼ 'ਚ)** ਫਾਤਿਮਾ, ਚਿੰਤਾ ਨਾ ਕਰ ! ਸੀਤਾ ਤੇ ਮੈਂ ਹਰ ਸਥਿਤੀ ਨਾਲ ਲੜ ਸਕਦੇ ਹਾਂ। ਤੁਸੀਂ ਦੋਵੇਂ ਸੁਰੱਖਿਅਤ ਹੋ ! ਮੌਸਮ ਸ਼ਾਂਤ ਹੋਣ 'ਤੇ ਤੁਹਾਨੂੰ ਵਾਪਸ ਘਰ ਪਹੁੰਚਾ ਦੇਵਾਂਗੇ।

**ਫਾਤਿਮਾ:** ਠੀਕ ਹੈ, ਗੋਲਾ! ਮੈਨੂੰ ਆਪਣਾ ਨਹੀਂ, ਦੂਜਿਆਂ ਦਾ ਫ਼ਿਕਰ ਹੈ ! ਸਮੁੰਦਰੀ ਤੱਟ ਦੇ ਵਾਸੀ ਆਪਣੇ ਭੋਜਨ ਤੇ ਰੋਜੀ-ਰੋਟੀ ਲਈ ਸਮੁੰਦਰ 'ਤੇ ਹੀ ਨਿਰਭਰ ਹਨ। ਅਜਿਹੀਆਂ ਆਫ਼ਤਾਂ ਅਕਸਰ ਆਉਂਦੀਆਂ ਨੇ ਤੇ ਉਨ੍ਹਾਂ ਦਾ ਜੀਣਾ ਦੁੱਭਰ ਕਰ ਦਿੰਦੀਆਂ ਨੇ ! ਹੁਣ ਤਾਂ ਇਨ੍ਹਾਂ ਦੀ ਗਤੀ ਬਹੁਤ ਤੇਜ ਹੋ ਗਈ ਹੈ !

**ਗੋਲਾ:** ਹਾਂ ! ਭਾਰਤ ਵਿਚ ਹੀ ਲੱਖਾਂ ਲੋਕ ਜੀਵਨ-ਨਿਰਵਾਹ ਲਈ ਮੱਛੀ ਫੜਨ ਦਾ ਧੰਦਾ ਕਰਦੇ ਨੇ! ਸਾਡੇ ਸਮੁੰਦਰੀ ਤੱਟ ਸਾਡੇ ਦੇਸ਼ ਦੀ ਜਨਸੰਖਿਆ ਦੇ 30% ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਹਨ।

**ਫਾਤਿਮਾ:** ਗੋਲਾ! ਤੁਹਾਨੂੰ ਐਨੀਆਂ ਗੱਲਾਂ ਦਾ ਕਿਵੇਂ ਪਤਾ ਹੈ ?

**ਗੋਲਾ:** ਮਨੁੱਖਾਂ ਨਾਲ ਸਾਡਾ ਵਾਸਤਾ ਤਾਂ ਪੈਂਦਾ ਹੀ ਰਹਿੰਦਾ ਹੈ !

**ਫਾਤਿਮਾ:** **(ਗੰਭੀਰ ਸੁਰ 'ਚ)** ਤੈਨੂੰ ਪਤੈ? ਪਿੰਡ ਦੇ ਬਜ਼ੁਰਗ ਕਿਹਾ ਕਰਦੇ ਸੀ ਕਿ ਅਸੀਂ ਸਮੁੰਦਰ ਨੂੰ ਨਰਾਜ਼ ਕਰ ਦਿੱਤੈ ਇਸ ਲਈ ਸਮੁੰਦਰ ਸਾਡੇ 'ਤੇ ਕਰੋਪ ਹੋ ਰਿਹਾ ਹੈ !

**ਗੋਲਾ:** ਪਰ, ਤੁਸੀਂ ਅਜਿਹਾ ਕੀ ਕੀਤਾ ਕਿ ਸਮੁੰਦਰ ਨਰਾਜ਼ ਹੋ ਗਿਆ ?

**ਫਾਤਿਮਾ:** ਇਹੀ ਕਿ ਸਮੁੰਦਰ ਵੱਲ ਮਨੁੱਖੀ ਲਾਪਰਵਾਹੀ ਵਧ ਰਹੀ ਹੈ ਤੇ ਅੰਨ੍ਹੇਵਾਹ ਦੋਹਨ ਕਰਕੇ ਸਮੁੰਦਰ ਗੁੱਸੇ ਵਿਚ ਆ।

**ਗੋਲਾ:** ਬਿਲਕੁਲ ਸਹੀ, ਅੱਜ ਸਮੁੰਦਰ ਦੀ ਹੋਂਦ ਖ਼ਤਰੇ ਵਿਚ ਹੈ।ਮਾਨਵ-ਜਨਿਤ (ਐਂਥ੍ਰੋਪੋਜੈਨਿਕ) ਕਾਰਨਾਂ ਕਰਕੇ ਜਲਵਾਯੂ ਵਿੱਚ ਅਨਿਸਚਤਾ ਆ ਗਈ ਹੈ !

**ਫਾਤਿਮਾ:** (**ਹੌਲੀ-ਹੌਲੀ ਦਹੁਰਾਉਂਦੇ ਹੋਏ।**) ਐਂਥ੍ਰੋਪੋਜੈਨਿਕ ਯਾਣੀ ਮਾਨਵ ਜਨਿਤ! ਪਰ ਮਨੁੱਖੀ ਗਤੀਵਿਧੀਆਂ, ਕਿਵੇਂ ਬਣ ਰਹੀਆਂ ਨੇ, ਅਨਿਯਮਿਤ ਜਲਵਾਯੂ ਦਾ ਕਾਰਨ ? ਜਲਵਾਯੂ ‘ਤੇ ਸਾਡਾ ਕੀ ਵੱਸ !

**ਗੋਲਾ:** ਵੱਸ ! ਕੀ ਤੁਸੀਂ ਗਲੋਬਲ ਵਾਰਮਿੰਗ ਦੇ ਬਾਰੇ ਸੁਣਿਐ ?

**ਫਾਤਿਮਾ:** ਹਾਂ...ਹਾਂ... ! ਪੜ੍ਹਿਆ ਹੈ ਕਿ ਵਾਤਾਵਰਣ ਵਿਚ ਕਾਰਬਨ ਡਾਈਅਕਸਾਈਡ ਦੇ ਵੱਧਣ ਕਾਰਨ ਸਾਡੀ ਧਰਤੀ ਗਰਮ ਹੋ ਰਹੀ ਹੈ। ਪਰ ਇੱਕ ਗੱਲ ਸਮਝ ਨਹੀਂ ਆਉਂਦੀ !

**ਗੋਲਾ:** ਕੀ ਨਹੀਂ ਆਉਂਦਾ ਸਮਝ ਤੈਨੂੰ !

**ਫਾਤਿਮਾ:** ਕਿ ਕਾਰਬਨ ਡਾਈਅਕਸਾਈਡ ਤਾਂ ਹਮੇਸ਼ਾ ਤੋਂ ਹੀ ਵਾਤਾਵਰਣ ਵਿਚ ਮੌਜੂਦ ਰਹੀ ਹੈ ਤੇ ਉਂਜ ਵੀ, ਪੇੜ-ਪੌਦਿਆਂ ਨੂੰ ਪੈਂਦੀ ਹੈ ਇਸ ਦੀ ਜ਼ਰੂਰਤ ! ਤਾਂ ਇਹ ਨੁਕਸਾਨਦਾਇਕ ਕਿਵੇਂ ਹੋਈ ?

**ਗੋਲਾ:** ਹਾਂ ! ਪੇੜ-ਪੌਦੇ ਕਾਰਬਨ ਡਾਈਅਕਸਾਈਡ ਤੋਂ ਆਪਣਾ ਭੋਜਨ ਬਣਾਉਂਦੇ ਨੇ ! ਪਰ ਇਹ ਵੀ ਤਾਂ ਸੱਚ ਹੈ ਕਿ ਇਹ ਇਕ ਗ੍ਰੀਨ ਹਾਊਸ ਗੈਸ ਹੈ !

**ਫਾਤਿਮਾ:** (**ਹੈਰਾਨੀ ਨਾਲ**) ਗ੍ਰੀਨ ਹਾਊਸ ਗੈਸ ? ਗ੍ਰੀਨ ਹਾਊਸ ਤਾਂ ਬਨਸਪਤੀ ਬਾਗਾਂ ਵਿੱਚ ਹੁੰਦੇ ਨੇ !

**ਗੋਲਾ:** ਹਾਂ ! ਗ੍ਰੀਨ ਹਾਊਸ ਵਿਚ ਕੱਚ ਜਾਂ ਪਲਾਸਟਿਕ ਦੀਆਂ ਕੰਧਾਂ ਧੁੱਪ ਨੂੰ ਅੰਦਰ ਵੱਲ ਤਾਂ ਜਾਣ ਦਿੰਦੀਆਂ ਹਨ, ਪਰ ਅੰਦਰ ਦੀ ਗਰਮੀ ਨੂੰ ਬਾਹਰ ਨਹੀਂ ਆਉਣ ਦਿੰਦੀਆਂ । ਇਸੇ ਕਾਰਨ ਗ੍ਰੀਨ ਹਾਊਸ ਦੇ ਅੰਦਰਲਾ ਤਾਪਮਾਨ ਬਾਹਰ ਨਾਲੋਂ ਜ਼ਿਆਦਾ ਰਹਿੰਦਾ ਹੈ।

**ਫਾਤਿਮਾ:** ਪਰ ਕਾਰਬਨ ਡਾਈਅਕਸਾਈਡ ਕਿਵੇਂ ਕੰਮ ਕਰਦੀ ਹੈ ?

**ਗੋਲਾ:** ਕਾਰਬਨ ਡਾਈਅਕਸਾਈਡ ਵੀ ਗ੍ਰੀਨ ਹਾਊਸ ਦੀ ਤਰ੍ਹਾਂ ਧਰਤੀ ਦੀ ਗਰਮੀ ਨੂੰ ਵਾਯੂਮੰਡਲ ਤੋਂ ਬਾਹਰ ਨਹੀਂ ਜਾਣ ਦਿੰਦੀ ਜਿਸ ਕਰਕੇ ਧਰਤੀ ਗਰਮ ਹੁੰਦੀ ਜਾ ਰਹੀ ਹੈ !

**ਫਾਤਿਮਾ:** ਤਾਂ... ਕੀ ਕਾਰਬਨ ਡਾਈਅਕਸਾਈਡ ਧਰਤੀ ਦੇ ਲਈ ਬੁਰੀ ਹੈ ?

**ਗੋਲਾ:** ਨਹੀਂ ! ਅਜਿਹਾ ਨਹੀਂ ! ਕਾਰਬਨ ਡਾਈਅਕਸਾਈਡ ਕਰਕੇ ਹੀ ਤਾਂ ਆਦਿ ਕਾਲ ਦੀ ਬਹੁਤ ਹੀ ਠੰਡੀ ਧਰਤੀ ਜੀਵਾਂ ਦੇ ਰਹਿਣ ਦੇ ਲਾਇਕ ਬਣੀ। ਉਸ ਸਮੇ ਗਰਮੀ ਦੀ ਊਰਜਾ ਨੂੰ ਰੋਕ ਕੇ ਧਰਤੀ ਦੇ ਤਾਪਮਾਨ ਨੂੰ ਰਹਿਣ ਲਾਇਕ ਇਸੇ ਗੈਸ ਨੇ ਬਣਾਇਆ !

**ਫਾਤਿਮਾ:** (**ਉਲਝਣ ਵਿਚ**) ਮੈਂ ਸਮਝੀ ਨਹੀਂ ! ਤੁਸੀਂ ਕਿਤੇ ਇਹ ਤਾਂ ਨਹੀਂ ਕਹਿ ਰਹੇ ਕਿ ਧਰਤੀ ਦਾ ਗਰਮ ਹੋਣਾ

ਇਕ ਕੁਦਰਤੀ ਵਰਤਾਰਾ ਹੈ?

**ਗੋਲਾ:** ਹਾਂ, ਮੈਂ ਇਹੀ ਕਹਿ ਰਿਹਾ ਸੀ ਕਿ ਧਰਤੀ ਦੀ ਜਲਵਾਯੂ ਦਾ ਬਦਲਦੇ ਰਹਿਣਾ ਤਾਂ ਇਕ ਕੁਦਰਤੀ ਪ੍ਰਕਿਰਿਆ ਹੈ। ਪਰ ਅੱਜ-ਕੱਲ੍ਹ ਮਨੁੱਖ ਨੇ ਇਸ ਪ੍ਰਕਿਰਿਆ ਨੂੰ ਕੁਝ ਜ਼ਿਆਦਾ ਹੀ ਤੇਜ਼ ਕਰ ਦਿੱਤੈ।

**ਫਾਤਿਮਾ:** ਕਿਵੇਂ?

**ਗੋਲਾ:** ਵਾਤਾਵਰਣ ਵਿਚ ਕਾਰਬਨ ਡਾਈਅਕਸਾਈਡ ਦਾ ਵੱਧ ਤੋਂ ਵੱਧ ਉਤਸਰਜਨ ਕਰਕੇ ! ਕੁਦਰਤੀ ਪ੍ਰਕਿਰਿਆਵਾਂ ਤੋਂ ਇਲਾਵਾ ਵਾਹਨਾਂ ਤੇ ਉਦਯੋਗਾਂ ਦੀ ਲਗਾਤਾਰ ਵਧਦੀ ਸੰਖਿਆ ਨੇ ਕਾਰਬਨ ਡਾਈਅਕਸਾਈਡ ਦੇ ਪੱਧਰ ਵਿਚ ਭਾਰੀ ਵਾਧਾ ਕਰ ਦਿੱਤਾ ! ਸੰਨ 1970 ਤੇ 2004 ਦੇ ਵਿਚਕਾਰ ਹੀ ਵਾਤਾਵਰਨ ਵਿਚ ਕਾਰਬਨ ਡਾਈਅਕਸਾਈਡ ਦਾ 80% ਦਾ ਵਾਧਾ ਹੋਇਆ ਹੈ ।

**ਫਾਤਿਮਾ:** ਹਾਏ..ਇਹ ਤਾਂ ਬਹੁਤ ਹੀ ਜ਼ਿਆਦਾ ਹੈ।

**ਗੋਲਾ:** ਹਾਂ, ਇਸ ਨਾਲ ਤਾਪਮਾਨ ਦੇ ਵੱਧਣ ਕਾਰਨ ਚੱਕਰਵਾਤਾਂ ਦੀਆਂ ਘਟਨਾਵਾਂ ਵੀ ਜ਼ਿਆਦਾ ਹੋਈਆਂ ਹਨ ਅਤੇ ਉਨ੍ਹਾਂ ਦੀ ਤੀਬਰਤਾ ਵੀ ਵੱਧੀ ਹੈ। **(ਸਮੁੰਦਰੀ ਲਹਿਰਾਂ ਦਾ ਸ਼ੋਰ)** ਓਹ ! ਇਹ ਅਸੀਂ ਕਿੱਥੇ ਪਹੁੰਚ ਗਏ ? ਇਹ ਤਾਂ ਪਾਕ ਸਟ੍ਰੇਟ (Palk Strait/ ਪਾਕ ਜਲ-ਡਮਰੂ) ਹੈ।

**ਮਰਦ ਸੂਤਰਾਧਾਰ:** ਫਾਤਿਮਾ ਆਪਣੇ-ਆਪ ਨੂੰ ਉੱਥੇ ਦੇਖ ਕੇ ਬਹੁਤ ਅਚੰਭਿਤ ਹੈ।ਪਾਕ ਸਟ੍ਰੇਟ ਮਤਲਬ ਪਾਕ ਜਲ-ਡਮਰੂ ਭਾਰਤ ਅਤੇ ਸ਼੍ਰੀਲੰਕਾ ਦੇ ਵਿਚਕਾਰ ਦਾ ਤੰਗ ਜਿਹਾ ਸਮੁੰਦਰ ਹੈ।

**ਫਾਤਿਮਾ:** **(ਖੁਸ਼ੀ 'ਚ)** ਵਾਹ! ਕਿੰਨਾ ਸੁੰਦਰ !

**ਗੋਲਾ:** ਫਾਤਿਮਾ, ਧਿਆਨ ਰੱਖਣਾ... ਜ਼ਰਾ ਸੰਭਲ ਕੇ। ਇਸ ਖੇਤਰ ਵਿੱਚ ਸਭ ਤੋਂ ਜ਼ਿਆਦਾ ਮੱਛੀਆਂ ਹੁੰਦੀਆਂ ਹਨ ! ਮਛੇਰਿਆਂ ਦੇ ਜਾਲ ਵਿਚ ਫਸ ਨਾ ਜਾਇਓ ਕਿਤੇ !

**ਔਰਤ ਸੂਤਰਾਧਾਰ:** ਤੇ ਉਦੋਂ ਹੀ ਇਕ ਵੱਡਾ ਜਿਹਾ ਜਾਲ ਤੇਜ਼ੀ ਨਾਲ ਫਾਤਿਮਾ ਦੇ ਨੇੜੇ ਆਇਆ ਤੇ ਬਿਲਕੁਲ ਉਸਦੇ ਨਾਲ ਖੱਬੇ ਪਾਸੇ ਡਿੱਗਿਆ ।ਫਾਤਿਮਾ ਬੜੀ ਹੀ ਚੁਸਤੀ ਨਾਲ ਇਸ ਵਿੱਚ ਫਸਣੋਂ ਬਚ ਗਈ।

**(ਜਾਲ ਡਿੱਗਣ ਦੀ ਅਵਾਜ਼/ ਸਮੁੰਦਰੀ ਲਹਿਰਾਂ ਦੀ ਅਵਾਜ਼/ ਛਾਲ ਮਾਰਨ ਦੀ 'ਛਪਾਕ' ਦੀ ਅਵਾਜ਼)**

**ਫਾਤਿਮਾ:** **(ਹੈਰਾਨੀ ਨਾਲ)** ਹਾਏ...! ਕਿੰਨਾ ਵੱਡਾ ਜਾਲ ! ਪਿਤਾ ਜੀ ਦੇ ਜਾਲ ਨਾਲੋਂ ਤਾਂ ਇਹ ਕਈ ਗੁਣਾ ਵੱਡਾ ਹੈ। ਇਹ ਲੋਕ ਕੀ ਰਹੇ ਨੇ ?

**ਗੋਲਾ:** ਸਮੁੰਦਰ ਦੇ ਤਲ 'ਤੇ ਰਹਿੰਦੀਆਂ ਮੱਛੀਆਂ ਨੂੰ ਫੜਨ ਦੇ ਇਸ ਤਰੀਕੇ ਨੂੰ (ਤਲੇ ਤੇ ਘੜੀਸਿਆ ਜਾਣ ਵਾਲ ਜਾਲ) ਬਾਟਮ ਟ੍ਰੌਲਿੰਗ ਨੈੱਟ ਕਹਿੰਦੇ ਹਨ।ਇਸ ਨਾਲ ਆਮ ਤੌਰ 'ਤੇ ਝੀਂਗਿਆਂ ਨੂੰ ਫੜਿਆ ਜਾਂਦਾ ਹੈ।

**ਫਾਤਿਮਾ:** ਇਹ ਜਾਲ ਤਾਂ ਬਹੁਤ ਤੇਜ਼ ਚੱਲ ਰਹੇ ਹਨ। **(ਸੁਚੇਤ ਕਰਦੇ ਹੋਏ)** ਦੇਖੋ ਜ਼ਰਾ, ਉਸ ਵਿਚ ਕਿੰਨੀਆਂ ਸਾਰੀਆਂ ਮੱਛੀਆਂ ਫਸੀਆਂ ਹੋਈਆਂ ਹਨ। ਉਹ ਦੇਖੋ, ਜਾਲ ਦੇ ਅੰਦਰ ਭਲਾ ਕੱਛੂ ਕਿਉਂ ਫੜਿਆ ਹੈ ?

**ਗੋਲਾ:** ਫਾਤਿਮਾ, ਪਿੰਡ ਦੇ ਬਜ਼ੁਰਗ ਸਹੀ ਹੀ ਤਾਂ ਕਹਿੰਦੇ ਸੀ ਕਿ ਅੱਜ-ਕੱਲ੍ਹ ਸਮੁੰਦਰ ਵਿਚੋਂ ਅਸੀਂ ਜ਼ਰੂਰਤ ਤੋਂ ਜ਼ਿਆਦਾ ਹੀ ਕੱਢ ਰਹੇ ਹਾਂ।ਵੇਖੋ ! ਇਨ੍ਹਾਂ ਜਾਲਾਂ ਵਿਚ ਅਜਿਹੇ ਸਮੁੰਦਰੀ ਜੀਵ ਅਤੇ ਮੱਛੀਆਂ ਵੀ ਫਸ

ਜਾਂਦੀਆਂ ਹਨ, ਜਿਨ੍ਹਾਂ ਦਾ ਸ਼ਿਕਾਰ ਨਹੀਂ ਕੀਤਾ ਜਾਣਾ ਚਾਹੀਦਾ। ਇਹ ਲੋਕ ਇਨ੍ਹਾਂ ਨੂੰ ਮਾਰ ਕੇ ਵਾਪਸ ਸਮੁੰਦਰ ਵਿਚ ਹੀ ਸੁੱਟ ਦਿੰਦੇ ਹਨ ਕਿਉਂਕਿ ਇਨ੍ਹਾਂ ਨੂੰ ਬਜ਼ਾਰ ਵਿਚ ਕੋਈ ਖਰੀਦਦਾ ਨਹੀਂ।

**ਫਾਤਿਮਾ:** ਇਸ ਜਾਲ ਨੂੰ ਤਾਂ ਜੋਰ ਨਾਲ ਘਸੀਟਿਆ ਜਾ ਰਿਹਾ ਹੈ !

**ਗੋਲਾ:** ਮੱਛੀ ਫੜਨ ਦਾ ਇਹ ਤਰੀਕਾ ਬੜਾ ਹੀ ਘਾਤਕ ਹੈ ! ਇਸ ਦੌਰਾਨ ਜਾਲ ਨੂੰ ਸਮੁੰਦਰ ਦੀ ਤਲਛੱਟੀ ਵਿਚ ਘੜੀਸਣ ਨਾਲ ਜੀਵ-ਜੰਤੂਆਂ ਦੇ ਰਹਿਣ ਵਾਲੇ ਠਿਕਾਣੇ ਵੀ ਨਸ਼ਟ ਹੋ ਜਾਂਦੇ ਹਨ।

**ਫਾਤਿਮਾ:** (**ਉਦਾਸ ਤੇ ਗੁੱਸੇ ‘ਚ**) ਮੱਛੀ ਫੜਨ ਦੇ ਐਨੇ ਨੁਕਸਾਨਦਾਇਕ ਤਰੀਕੇ ਦੀ ਇਜਾਜ਼ਤ ਹੀ ਕਿਉਂ ?

**ਗੋਲਾ:** ਫਾਤਿਮਾ, ਤੇਰਾ ਗੁੱਸਾ ਜਾਇਜ ਹੈ!ਨਿਯੰਤਰਨ ਜਰੂਰੀ ਹੈ!ਲੋਕਾਂ ਦੀ ਰੋਜੀ-ਰੋਟੀ ਦਾ ਧਿਆਨ ਰੱਖਦੇ ਹੋਏ ਇਨ੍ਹਾਂ ਵੱਡੇ ਘਸੀਟਵੇਂ ਜਾਲਾਂ ‘ਤੇ ਅਤੇ ਪੂੰਗ ਜਾ ਛੋਟੀਆਂ ਮੱਛੀਆਂ ਨਸ਼ਟ ਕਰਨ ਤੇ ਤਾਂ ਰੋਕ ਜਰੂਰੀ ਹੈ !

**ਫਾਤਿਮਾ:** ਇਸ ਦਿਸ਼ਾ ਵਿੱਚ ਕੀ ਕੁੱਝ ਹੋਇਆ ਹੈ ?

**ਗੋਲਾ:** ਆਹ ਅਕਤੂਬਰ 2017 ਦੀ ਹੀ ਗੱਲ ਹੈ ਕਿ ਸ੍ਰੀ ਲੰਕਾ ਦੇ ਇਤਰਾਜ ਕਰਨ ਤੇ ਭਾਰਤ ਨੇ ਪਾਕ ਸਟਰੇਟ ਯਾਣੀ ਪਾਕ ਜਲ-ਡਮਰੂ ਵਿੱਚ ਬਾਟਮ ਟਰਾਲਿੰਗ ‘ਤੇ ਰੋਕ ਲਗਾ ਦਿੱਤੀ ਹੈ !

**ਫਾਤਿਮਾ:** ਅੱਛਾ ਲੱਗਦਾ ਹੈ ਸ੍ਰੀ ਲੰਕਾ ਜਿਆਦਾ ਸੁਚੇਤ ਹੈ ਸਾਗਰਾਂ ਦੇ ਪ੍ਰਸਿਥਿਤਿਕ ਤੰਤਰ ਬਾਬਤ!

**ਗੋਲਾ:** ਹਾਂ ! ਇਹ ਤਾਂ ਹੈ ਹੀ ! ਸ੍ਰੀ ਲੰਕਾ ਇੱਕ ਟਾਪੂ ਜੋ ਹੋਇਆ !

**ਫਾਤਿਮਾ:** ਚਲੋ ਕੁੱਝ ਵੀ ਸਹੀ ! ਕੁੱਝ ਤਾਂ ਕਰਨਾ ਪਵੇਗਾ ਸਾਨੂੰ ਵੀ !

**ਗੋਲਾ:** ਸਰਕਾਰ ਨੇ ਕਈ ਕਦਮ ਪੁੱਟੇ ਵੀ ਹਨ ਜਿਵੇਂ ਕਿ ਬ੍ਰੀਡਿੰਗ ਸੀਜ਼ਨ ਦੇ ਦੌਰਾਨ ਮੱਛੀ ਫੜਨ ‘ਤੇ ਪਾਬੰਦੀ ਤੇ ਕਈ ਇਲਾਕਿਆਂ ਨੂੰ ਸਮੁੰਦਰੀ ਸੁਰੱਖਿਅਤ ਖੇਤਰ ਵਜੋਂ ਐਲਾਨਿਆ ਜਾਣਾ !

**ਫਾਤਿਮਾ:** (**ਸਮਝਣ ਦੀ ਕੋਸ਼ਿਸ਼ ਵਿਚ**) ਸਮੁੰਦਰੀ ਸੁਰੱਖਿਅਤ ਖੇਤਰ...?

**ਗੋਲਾ:** ਸਮੁੰਦਰ ਦੇ ਕੁਝ ਇਲਾਕਿਆਂ ਦੇ ਪ੍ਰਸਿਥਿਤਿਕ ਤੰਤਰ (ਈਕੋਸਿਸਟਮ) ਨੂੰ ਨਾਜ਼ੁਕ ਤੇ ਵਿਸ਼ੇਸ਼ ਹੋਣ ਕਰਕੇ ਜ਼ਿਆਦਾ ਸੁਰੱਖਿਅਣ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਸੁਰੱਖਿਆ ਵਾਸਤੇ, ਮਨੁੱਖੀ ਗਤੀਵਿਧੀਆਂ ਉਪਰ ਪੂਰਾ ਨਿਯੰਤਰਨ ਰੱਖਣ ਵਾਸਤੇ ਸਮੁੰਦਰੀ ਸੁਰੱਖਿਅਤ ਖੇਤਰ (Marine Protected Areas) ਬਣਾਏ ਜਾਂਦੇ ਹਨ ! ਮਨਾਰ ਦੀ ਖਾੜੀ, ਸਮੁੰਦਰੀ ਰਾਸ਼ਟਰੀ ਪਾਰਕ (Marine National Park) ਐਲਾਨਿਆਂ ਗਿਆ ਹੈ ਜੋ ਇੱਥੋਂ ਨੇੜੇ ਹੀ ਹੈ।

**ਫਾਤਿਮਾ:** (**ਹੈਰਾਨੀ ਨਾਲ**) ਕੀ ਕਿਹਾ? ਸਮੁੰਦਰ ਦੇ ਰਾਸ਼ਟਰੀ ਪਾਰਕ?

**ਗੋਲਾ:** ਹਾਂ...। ਜ਼ਮੀਨ ਦੀ ਤਰ੍ਹਾਂ ਹੀ ਸਮੁੰਦਰੀ ਰਾਸ਼ਟਰੀ ਪਾਰਕਾਂ ਵਿਚ ਵੀ ਮਨੁੱਖੀ ਗਤੀਵਿਧੀਆਂ ‘ਤੇ ਸਖ਼ਤ ਨਿਗ੍ਹਾ ਰੱਖੀ ਜਾਂਦੀ ਹੈ। ਭਾਰਤ ਨੇ 31 ਤੱਟੀ ਤੇ ਸਮੁੰਦਰੀ ਸੁਰੱਖਿਅਤ ਖੇਤਰ ਸਥਾਪਿਤ ਕੀਤੇ ਹਨ। ਕੁਝ

ਸਮੁੰਦਰੀ ਜੀਵ ਵੀ ਸੁਰੱਖਿਅਣ ਦੇ ਦਾਇਰੇ ਵਿਚ ਲਿਆਂਦੇ ਹਨ !

**ਫਾਤਿਮਾ:** ਅੱਛਾ ! ਸਮੁੰਦਰਾਂ ਨੂੰ ਬਚਾਉਣ ਵਾਸਤੇ ਸਮਝਦਾਰੀ !

**ਗੋਲਾ:** ਫਾਤਿਮਾ ! ਕੀ ਹੁਣ ਤੂੰ ਕੋਰਲ ਰੀਫ਼ (ਮੂੰਗੇ ਦੀਆਂ ਚਟਾਨਾਂ) ਦੇਖਣਾ ਪਸੰਦ ਕਰੇਂਗੀ ?

**ਫਾਤਿਮਾ:** **(ਖੁਸ਼ੀ ਨਾਲ)** ਹਾਂ...ਜ਼ਰੂਰ...! ਬਹੁਤ ਮਜ਼ਾ ਆਏਗਾ, ਚਲੋ ਉੱਥੇ ਹੀ ਚਲਦੇ ਹਾਂ।

**ਗੋਲਾ:** **(ਨਾਟਕੀ ਅੰਦਾਜ਼ 'ਚ)** ਜੋ ਹੁਕਮ ! ਅਸੀਂ ਲਕਸ਼ਦੀਪ ਦੀਪ-ਸਮੂਹ ਦੇ ਕੋਲ ਪਹੁੰਚ ਰਹੇ ਹਾਂ!

**ਫਾਤਿਮਾ:** ਐਨੀ ਛੇਤੀ ?

**ਗੋਲਾ:** ਮੈਂ ਸਮੁੰਦਰ ਦੀ ਮੱਦਦ ਨਾਲ ਆਪਣੇ ਤੈਰਨ ਦੀ ਰਫ਼ਤਾਰ ਵਧਾ ਲਈ ਸੀ! ਸਮੁੰਦਰ ਵੀ ਤਾਂ ਸਾਡੇ ਵਰਗੇ ਜਗਿਆਸੂ ਘੁਮੱਕੜਾਂ ਨੂੰ ਪਸੰਦ ਕਰਦਾ ਹੈ !

**ਮਰਦ ਸੂਤਰਧਾਰ:** ਸਮੁੰਦਰ ਵਿਚ ਤੈਰਦੇ ਉਹ ਮੂੰਗਾ-ਚਟਾਨ ਵਿੱਚਲੇ ਇਕ ਸੁਰਾਖ਼ ਦੁਆਰਾ ਲਗੂਨ ਵਿੱਚ ਵੜ ਗਏ। ਇੱਥੇ ਪਾਣੀ ਦੀ ਡੂੰਘਾਈ ਬਹੁਤ ਹੀ ਘੱਟ ਸੀ ਜਿਸ ਕਰਕੇ ਗੋਲਾ ਨੂੰ ਕੁਝ ਪ੍ਰੇਸ਼ਾਨੀ ਵੀ ਮਹਿਸੂਸ ਹੋ ਰਹੀ ਸੀ।

**ਫਾਤਿਮਾ:** **(ਉਤਸ਼ਾਹ ਨਾਲ)** ਵਾਹ! ਐਨਾ ਸੁੰਦਰ! ਐਨੇ ਸਾਰੇ ਰੰਗ! ਐਨੀਆਂ ਅਨੋਖੀਆਂ ਕਿਸਮਾਂ ਦੀਆਂ ਮੱਛੀਆਂ! ਰੰਗ-ਬਰੰਗੇ ਮੂੰਗੇ! ਯਕੀਨ ਨਹੀਂ ਹੁੰਦਾ ਕਿ ਇਹ ਰੰਗੀਨ ਚਟਾਨਾਂ ਨਹੀਂ ਬਲਕਿ ਜੀਵ ਹਨ।ਟਾਵਾਂ-ਟਾਵਾਂ ਪੀਲਾ ਜਾ ਰੰਗਹੀਨ ਵੀ ਹੈ । ਕੀ ਇਨ੍ਹਾਂ ਨੂੰ ਕੋਈ ਬਿਮਾਰੀ ਲੱਗੀ ਹੋਈ ਹੈ?

**ਗੋਲਾ:** ਨਹੀਂ ! ਇਹ ਹੈ ਨਤੀਜਾ, ਕੋਰਲ ਬਲੀਚਿੰਗ ਦਾ ! ਇਨ੍ਹਾਂ ਮੂੰਗਿਆਂ ਉੱਤੇ ਬਹੁਤ ਛੋਟੇ-ਛੋਟੇ ਐਲਗੀ ਯਾਨੀ ਕਾਈਆਂ ਦਾ ਰੈਣਬਸੇਰਾ ਹੁੰਦਾ ਹੈ। ਮੂੰਗਾ ਆਪਣਾ ਪੋਸ਼ਣ ਅਤੇ ਰੰਗ ਕਾਈਆਂ ਤੋਂ ਹੀ ਹਾਸਲ ਕਰਦਾ ਹੈ! ਸਮੁੰਦਰ ਦਾ ਤਾਪਮਾਨ ਵਧਣ 'ਤੇ ਇਹ ਕਾਈਆਂ ਮੂੰਗਿਆਂ ਤੋਂ ਅਲੱਗ ਹੋ ਜਾਂਦੀਆਂ ਹਨ, ਮੂੰਗੇ ਪੀਲੇ ਤੇ ਮਰੇ ਜਿਹੇ ਦਿਖਾਈ ਦੇਣ ਲਗਦੇ ਹਨ।ਅਜਿਹਾ 2015 ਵਿਚ ਅਲ-ਨੀਨੋ ਦੌਰਾਨ ਵੀ ਹੋਇਆ ਸੀ!

**ਫਾਤਿਮਾ:** ਤਾਂ ਕੀ ਹੁਣ ਇਹ ਇਸੇ ਤਰ੍ਹਾਂ ਮਰੇ-ਮਰੇ ਰਹਿ ਜਾਣਗੇ ?

**ਗੋਲਾ:** ਨਹੀਂ ! ਜਦੋਂ ਪਾਣੀ ਦਾ ਤਾਪਮਾਨ ਠੀਕ ਹੋ ਜਾਂਦਾ ਹੈ ਉਦੋਂ ਇਹ ਠੀਕ ਹੋ ਜਾਂਦੇ ਹਨ !

**ਫਾਤਿਮਾ:** ਕੀ ਇਹ ਵੀ ਗਲੋਬਲ ਵਾਰਮਿੰਗ ਦਾ ਹੀ ਪ੍ਰਭਾਵ ਹੈ?

**ਗੋਲਾ:** ਹਾਂ ! ਅਲ-ਨੀਨੋ ਦਾ ਸਬੰਧ ਗਲੋਬਲ ਵਾਰਮਿੰਗ ਨਾਲ ਹੀ ਤਾਂ ਹੈ ।ਇਸ ਨਾਲ ਸਾਡੀ ਧਰਤੀ 'ਤੇ ਅਜਿਹੇ ਬਦਲਾਅ ਹੋ ਰਹੇ ਹਨ ਜਿਹੜੇ ਪਹਿਲਾਂ ਕਦੇ ਨਹੀਂ ਦਿਸੇ ਸਨ !

**ਫਾਤਿਮਾ:** ਇਹ ਗਲੋਬਲ ਵਾਰਮਿੰਗ ਪਹਿਲਾਂ ਕਿਉਂ ਨਹੀਂ ਸੀ ?

**ਗੋਲਾ:** ਪਹਿਲੇ ਵਕਤਾਂ ਵਿਚ ਬਹੁਤ ਸਾਰੇ ਰੁੱਖ ਹੁੰਦੇ ਸਨ।ਉਹ ਵਧੀ ਹੋਈ ਕਾਰਬਨ ਡਾਈਅਕਸਾਈਡ ਨੂੰ ਸੋਖ ਲੈਂਦੇ ਸਨ ! ਸਾਡੀ ਧਰਤੀ ਲੋੜ ਅਨੁਸਾਰ ਹੀ ਗਰਮ ਰਹਿੰਦੀ ਸੀ !

**ਫਾਤਿਮਾ:** ਹੁਣ ਤਾਂ ਕਾਰਬਨਡਾਈਅਕਸਾਈਡ ਦਾ ਉਤਸਰਜਨ ਵੀ ਵਧ ਗਿਆ ?

**ਗੋਲਾ:** ਹਾਂ! ਵਾਹਨਾਂ ਤੇ ਉਦਯੋਗਾਂ ਦੇ ਤੇਜ਼ ਵਾਧੇ ਨੇ ਵਾਤਾਵਰਨ ਵਿਚ ਕਾਰਬਨ ਡਾਈਅਕਸਾਈਡ ਦੀ ਮਾਤਰਾ ਬੇਹੱਦ ਵੱਧਾ ਦਿੱਤੀ ! ਪਿਛਲੀ ਇੱਕ ਸਦੀ ਦੌਰਾਨ ਹੀ ਇਹ ਮਾਤਰਾ ਵਧ ਕੇ 12 ਗੁਣਾ ਹੋ ਗਈ!

**ਫਾਤਿਮਾ:** ਹੈਂ ! ਐਨੀ ਜ਼ਿਆਦਾ !

**ਗੋਲਾ:** ਹਾਂ...! ਕਾਰਬਨ ਦਾ ਕੁਦਰਤੀ ਭੰਡਾਰ ਗ੍ਰਹਿ ਨੇ ਪੇੜ! ਪਰ ਕੁਦਰਤ ਵਿਰੋਧੀ ਵਿਕਾਸ ਮਾਡਲ ਕਾਰਨ ਤੇ ਕਾਰੋਬਾਰੀ ਲਾਲਚ ਵਸ, ਕਰੋੜਾਂ ਹਰੇ ਭਰੇ ਰੁੱਖਾਂ ਨੂੰ ਅੰਨ੍ਹੇਵਾਹ ਕੱਟਿਆ ਗਿਆ ਹੈ ! ਕਾਰਬਨ ਡਾਈਅਕਸਾਈਡ ਤਾਂ ਵਧੇਗੀ ਹੀ!

**ਫਾਤਿਮਾ:** ਕੀ ਕਾਰਬਨ ਡਾਈਅਕਸਾਈਡ ਨੂੰ ਕੇਵਲ ਰੁੱਖ ਹੀ ਸੋਖਦੇ ਨੇ ?

**ਗੋਲਾ:** ਨਹੀਂ ! ਸਾਗਰ ਵੀ ਕਰਦੇ ਨੇ ਸੋਖਣ ਇਸਦਾ ! ਪਰ ਉਸ ਨਾਲ ਬਣਦਾ ਹੈ ਤੇਜ਼ਾਬ! ਮਹਾਂਸਾਗਰਾਂ ਦਾ ਪਾਣੀ ਬਣ ਰਿਹਾ ਹੈ ਤੇਜ਼ਾਬੀ ! ਕੈਲਸ਼ੀਅਮ ਕਾਰਬੋਨੇਟ ਜੋ ਜਰੂਰੀ ਹੈ ਮੂੰਗਿਆਂ ਦੇ ਨਿਰਮਾਣ ਦੇ ਲਈ! ਤੇਜਾਬ ਕਰਨ ਘੱਟ ਗਿਆ ਇਸਦਾ ਜਮਾਅ ! ਘਟ ਗਏ ਕੋਰਲ !

**ਫਾਤਿਮਾ:** ਅੱਛਾ ! ਤਾਂ ਗਲੋਬਲ ਵਾਰਮਿੰਗ ਦਾ ਹੀ ਨਤੀਜਾ ਹੈ, ਜਲਵਾਯੂ ਦਾ ਅਜੀਬੋ-ਗਰੀਬ ਪੈਟਰਨ, ਮਹਾਂਸਾਗਰਾਂ ਵਿਚ ਤੇਜ਼ਾਬ ਦੀ ਵਧਦੀ ਮਾਤਰਾ ਤੇ ਬੇ-ਰੰਗ ਹੁੰਦੇ ਮੂੰਗੇ !

**ਗੋਲਾ:** ਹਾਂ ! ਗਲੋਬਲ ਵਾਰਮਿੰਗ ਕਾਰਨ ਤਾਂ ਗਲੇਸ਼ੀਅਰ ਵੀ ਪਿਘਲ ਰਹੇ ਹਨ, ਸਮੁੰਦਰ ਵਿਚ ਪਾਣੀ ਦਾ ਪੱਧਰ ਵਧ ਰਿਹਾ ਹੈ, ਬਹੁਤ ਸਾਰੇ ਦੀਪ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਨ, ਸਮੁੰਦਰੀ ਤੱਟ ਖ਼ਤਮ ਹੋ ਰਹੇ ਨੇ !

**ਫਾਤਿਮਾ:** **(ਚਿੰਤਾ 'ਚ)** ਪਰ ਇਸ ਆਫਤ ਨੂੰ ਰੋਕੀਏ ਕਿਵੇਂ ?

**ਗੋਲਾ:** ਕਾਰਬਨ ਉਤਸਰਜਨ ਘਟਾਈਏ ! ਵਿਕਾਸ ਦਾ ਮਾਡਲ ਬਦਲ ਕੇ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ !

**ਫਾਤਿਮਾ:** ਕੁਦਰਤ ਨਾਲ ਇਕਸੁਰਤਾ ਤੇ ਸੰਤੁਲਣ ਵਾਲਾ ਵਿਕਾਸ!

**ਔਰਤ ਸੂਤਰਾਧਾਰ:** ਫਾਤਿਮਾ ਤੇ ਗੋਲਾ ਗੱਲਬਾਤ ਕਰਦੇ ਹੋਏ ਦੀਪਾਂ ਤੋਂ ਦੂਰ ਤੈਰਦੇ ਰਹਿੰਦੇ ਹਨ। ਦੂਸਰੇ ਪਾਸੇ ਇਨ੍ਹਾਂ ਤੋਂ ਅਲੱਗ ਹੋਣ ਬਾਅਦ ਗੋਬਿੰਦ ਤੇ ਸੀਤਾ ਬੰਗਾਲ ਦੀ ਖਾੜੀ ਵੱਲ ਚਲੇ ਗਏ ਸਨ। ਰਸਤੇ ਵਿਚ ਸੀਤਾ ਨੇ ਸਮੁੰਦਰ ਨਾਲ ਗੋਬਿੰਦ ਦੀ ਜਾਣ-ਪਛਾਣ ਕਰਵਾਈ।

**ਸੀਤਾ:** ਹੈਲੋ ਸਮੁੰਦਰ...! ਦੇਖ ! ਕੌਣ ਆਇਆ ਹੈ ਤੈਨੂੰ ਮਿਲਣ ?

**ਸਮੁੰਦਰ:** ਕੌਣ ?

**ਸੀਤਾ:** ਮੇਰਾ ਦੋਸਤ ਗੋਬਿੰਦ, ਜ਼ਮੀਨ ਤੋਂ ਇੱਥੇ ਆਇਆ ਹੈ।

**ਸਮੁੰਦਰ:** ਸਵਾਗਤ ਹੈ ਗੋਬਿੰਦ ! ਮਿਲ ਕੇ ਬਹੁਤ ਖੁਸ਼ੀ ਹੋਈ। ਜ਼ਮੀਨ 'ਤੇ ਮੇਰੇ ਵੀ ਕਈ ਦੋਸਤ ਹਨ। ਕਈ ਤਾਂ ਇੱਥੇ ਘੁੰਮਣ ਆਏ ਪਰ ਵਾਪਿਸ ਜਾਣ ਦਾ ਨਾਂ ਹੀ ਨਹੀਂ ਲੈ ਰਹੇ।

**ਗੋਬਿੰਦ:** ਕੌਣ ? ਕੌਣ ?? ਕੌਣ ???

**ਸਮੁੰਦਰ:** ਪਲਾਸਟਿਕ ! ਸ਼ੁਰੂ ਵਿਚ ਮੈਨੂੰ ਇੱਥੇ ਪਲਾਸਟਿਕ ਦੀਆਂ ਕੁਝ ਕੁ ਬੋਤਲਾਂ ਤੇ ਬੈਗ ਵਹਿੰਦੇ ਦਿਖਾਈ ਦਿੰਦੇ ਸਨ, ਪਰ ਹੁਣ ਉਨ੍ਹਾਂ ਦੀ ਗਿਣਤੀ ਕਾਫ਼ੀ ਵਧ ਗਈ ਹੈ !

**ਗੋਬਿੰਦ:** **(ਮਾਫ਼ੀ ਦੇ ਸੁਰ 'ਚ)** ਮਾਫ਼ ਕਰਨਾ! ਇਸ ਵਿਚ ਪਲਾਸਟਿਕ ਦੀ ਕੀ ਗ਼ਲਤੀ? ਅਸਲ ਗੁਨਾਹਗਾਰ ਤਾਂ ਹੈ ਮਨੁੱਖ, ਜਿਹੜਾ ਪਲਾਸਟਿਕ ਦਾ ਕੂੜਾ ਸਮੁੰਦਰ ਵਿਚ ਸੁੱਟ ਰਿਹਾ ਹੈ ! ਕਾਨੂੰਨੀ ਦੀ ਉਲੰਘਣਾ ਕਰਕੇ ਵੀ !

**ਸਮੁੰਦਰ:** **(ਸੰਦੇਹਪੂਰਨ ਸੁਰ 'ਚ)** ਤੁਸੀਂ ਵੀ ਤਾਂ ਇਕ ਮਨੁੱਖ ਹੀ ਹੋ ਨਾ?

**ਗੋਬਿੰਦ:** ਹਾਂ ! ਮੈਂ ਉਨ੍ਹਾਂ ਸਾਰਿਆਂ ਵੱਲੋਂ ਤੁਹਾਡੇ ਤੋਂ ਮਾਫ਼ੀ ਮੰਗਦਾ ਹਾਂ।

**ਸਮੁੰਦਰ:** (**ਜ਼ੋਰ ਨਾਲ, ਗੁੱਸੇ 'ਚ**) ਕੇਵਲ ਮਾਫ਼ੀ ਨਾਲ ਕੀ ਹੋਵੇਗਾ ? ਪਲਾਸਟਿਕ ਦੇ ਕੂੜੇ ਨਾਲ ਮੇਰੇ ਤਮਾਮ ਜੀਵ-ਜੰਤੂਆਂ ਨੂੰ ਨੁਕਸਾਨ ਪਹੁੰਚ ਰਿਹਾ ਹੈ ! ਇੱਥੇ ਕੱਛੂ ਪਲਾਸਟਿਕ ਨੂੰ ਜੈਲੀਫਿਸ਼ ਸਮਝ ਕੇ ਖਾ ਰਹੇ ਹਨ, ਬੋਤਲਾਂ ਦੇ ਢੱਕਣਾਂ ਚਿੜੀਆਂ ਧੋਖੇ ਵਿੱਚ ਨਿਗਲ ਜਾਂਦੀਆਂ ਹਨ। ਜਦੋਂ ਮੈਂ ਚੱਕਰਵਾਤਾਂ ਦੁਆਰਾ ਇਹ ਕੂੜਾ ਵਾਪਿਸ ਤੱਟਾਂ 'ਤੇ ਭੇਜਿਆ, ਤੁਸੀਂ ਫਿਰ ਉਸਨੂੰ ਸਮੁੰਦਰ ਵਿਚ ਹੀ ਸੁੱਟ ਦਿੱਤਾ !

**(ਸਮੁੰਦਰ ਸਾਹ ਲੈਣ ਲਈ ਰੁਕਦਾ ਹੈ/ ਜ਼ੋਰ ਨਾਲ ਸਾਹ ਲੈਣ ਦੀ ਅਵਾਜ਼)**

**ਗੋਬਿੰਦ:** ਹਾਂ ! ਇਹ ਗਲਤੀ ਤਾਂ ਹੋ ਰਹੀ ਹੈ !

**ਸਮੁੰਦਰ:** (**ਸ਼ਾਂਤ ਸੁਰ 'ਚ**) ਕੀ ਤੁਹਾਨੂੰ ਨਹੀਂ ਪਤਾ ? ਪਲਾਸਟਿਕ ਦੇ ਟੁਕੜਿਆਂ ਨੂੰ ਮੱਛੀਆਂ ਆਪਣਾ ਚਾਰਾ ਸਮਝ ਕੇ ਖਾ ਜਾਂਦੀਆਂ ਹਨ ! ਜਦੋਂ ਅਜਿਹੀਆਂ ਮੱਛੀਆਂ ਨੂੰ ਤੁਸੀਂ ਖਾਂਦੇ ਹੋ ਤਾਂ ਉਹ ਸਾਰਾ ਪਲਾਸਟਿਕ ਤੁਹਾਡੇ ਅੰਦਰ ਚਲਾ ਜਾਂਦਾ ਹੈ।

**ਸੀਤਾ:** ਮਨੁੱਖ ਆਪਣੇ ਹੀ ਪੈਰ 'ਤੇ ਕੁਹਾੜੀ ਮਾਰ ਰਿਹਾ ਹੈ !

**ਮਰਦ ਸੂਤਰਾਧਾਰ:** ਸਮੁੰਦਰ ਦੀਆਂ ਗੱਲਾਂ ਸੁਣ ਕੇ ਗੋਬਿੰਦ ਨੇ ਆਪਣਾ ਸਿਰ ਝੁਕਾ ਲਿਆ। ਸਫਾਈ ਕੀ ਦਿੰਦਾ ? ਹੈ ਹੀ ਕੁਝ ਨਹੀਂ ਸੀ, ਸਮੁੰਦਰ ਨੇ ਜੋ ਕਿਹਾ, ਹੈ ਤਾਂ ਉਹ ਹਕੀਕਤ ਹੀ ਸੀ !

**ਸਮੁੰਦਰ:** (**ਸ਼ਾਂਤ ਸੁਰ 'ਚ**) ਪਰ ਗੋਬਿੰਦ, ਤੁਸੀਂ ਚੰਗੇ ਬੱਚੇ ਲੱਗਦੇ ਓ। ਵਾਅਦਾ ਕਰੋ ਕਿ ਵਾਪਸ ਜਾ ਕੇ ਲੋਕਾਂ ਨੂੰ ਇਸ ਬਾਰੇ ਦੱਸੋਗੇ। ਕੋਸ਼ਿਸ਼ ਕਰਿਓ ਕਿ ਇਸ ਤਰ੍ਹਾਂ ਦੀਆਂ ਬੁਰੀਆਂ ਗਤੀਵਿਧੀਆਂ ਨੂੰ ਰੋਕਿਆ ਜਾਵੇ !

**ਗੋਬਿੰਦ:** ਹਾਂ... ਹਾਂ...। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਲੋਕਾਂ ਵਿੱਚ ਚੇਤਨਾ ਮੁਹਿੰਮ ਚਲਾਵਾਂਗਾ ਕਿ ਸਮੁੰਦਰ ਵਿਚ ਪਲਾਸਟਿਕ ਦਾ ਕੂੜਾ ਸੁੱਟਣ ਨਾਲ ਇੱਥੋਂ ਦੇ ਜੀਵ-ਜੰਤੂਆਂ ਨੂੰ ਬਹੁਤ ਨੁਕਸਾਨ ਹੁੰਦਾ ਹੈ ! ਜਨਤਕ ਮੁਹਿੰਮ ਰਾਹੀਂ ਸਰਕਾਰ ਕੋਲੋਂ ਵੀ ਇਸਨੂੰ ਲਾਗੂ ਵੀ ਕਰਵਾਵਾਂਗਾ !

**ਸਮੁੰਦਰ:** (**ਗੰਭੀਰ ਅੰਦਾਜ਼ 'ਚ**) ਹਾਂ, ਇਹੀ ਠੀਕ ਹੈ ! ਹੁਣ ਤੁਸੀਂ ਜਾਉ ਗੋਬਿੰਦ...!

**ਔਰਤ ਸੂਤਰਾਧਾਰ:** ਤੇ ਇਸ ਤੋਂ ਬਾਅਦ ਸਮੁੰਦਰ ਦੀਆਂ ਲਹਿਰਾਂ ਉਨ੍ਹਾਂ ਨੂੰ ਬੰਗਾਲ ਦੀ ਖਾੜੀ ਵੱਲ ਲੈ ਗਈਆਂ।

**(ਸਮੁੰਦਰੀ ਲਹਿਰਾਂ ਦੀ ਅਵਾਜ਼)**

**ਗੋਬਿੰਦ:** (**ਉਤਸ਼ਾਹ ਭਰੇ ਸੁਰ 'ਚ**) ਸੀਤਾ, ਕੀ ਅਸੀਂ ਅੰਡੇਮਾਨ ਨਿਕੋਬਾਰ ਵਿਚ ਆ ਪਹੁੰਚੇ ਹਾਂ ?

**ਸੀਤਾ:** ਹਾਂ ! ਮੂੰਗੇ ਦੀਆਂ ਚਟਾਨਾਂ ਦੇਖ ਕੇ ਤੁਸੀ ਇਹ ਅੰਦਾਜ਼ਾ ਲਗਾਇਆ ਹੋਵੇਗਾ। ਇਹ ਚਟਾਨਾਂ ਤਾਂ ਅੰਡੇਮਾਨ ਨਿਕੋਬਾਰ ਦੀ ਵਿਸ਼ੇਸ਼ਤਾ ਹਨ, ਵੈਸੇ ਇੱਥੇ ਬਹੁਤ ਸਾਰੇ ਸਦਾਬਹਾਰ ਸੰਘਣੇ ਜੰਗਲ ਵੀ ਹਨ !

**ਗੋਬਿੰਦ:** ਅੱਛਾ! ਮੈਂ ਪੜ੍ਹਿਆ ਸੀ ਕਿ ਸਦਾਬਹਾਰ ਜੰਗਲ ਕਰਦੇ ਨੇ ਕੰਮ ਇੱਕ ਕੁਦਰਤੀ ਕੰਧ ਦਾ! ਹੜ੍ਹ, ਸੁਨਾਮੀ ਤੇ ਭੂ-ਖੋਰ ਦੇ ਵਿਰੁੱਧ! ਇਹ ਤਾਂ ਬ੍ਰੀਡਿੰਗ ਗਰਾਉਂਡ ਵੀ ਨੇ ਮੱਛੀਆਂ ਦੀਆਂ ਕਈ ਪ੍ਰਜਾਤੀਆਂ ਦੇ ਲਈ !

**ਸੀਤਾ:** ਹਾਂ, ਪਰ ਇਹ ਸਦਾਬਹਾਰ ਜੰਗਲ ਵੀ ਖ਼ਤਰੇ ਵਿਚ ਹਨ। ਵਧਦੇ ਸ਼ਹਿਰੀਕਰਨ ਦੇ ਦਬਾਅ ਹੇਠ ਇਨ੍ਹਾਂ ਦਾ

ਸਫਾਇਆ ਕੀਤਾ ਜਾ ਰਿਹਾ। ਗਲੋਬਲ ਵਾਰਮਿੰਗ ਨਾਲ ਸਮੁੰਦਰ ਦੇ ਪਾਣੀ ਦੇ ਵਧਦੇ ਪੱਧਰ ਨੇ ਸੁੰਦਰਬਨ ਰਾਸ਼ਟਰੀ ਪਾਰਕ ਦਾ ਸਾਢੇ ਸੱਤ ਹਜ਼ਾਰ ਹੈਕਟੇਅਰ ਸਦਾਬਹਾਰ ਜੰਗਲ ਦਾ ਖੇਤਰ ਜਲਮਗਨ ਕਰ ਲਿਆ!

**ਗੋਬਿੰਦ:** ਇਹ ਤਾਂ ਬਹੁਤ ਬੁਰਾ ਹੋਇਆ !

**ਸੀਤਾ:** ਚਲ ਹੁਣ ਇੱਥੋਂ ਜਾਣ ਦੀ ਤਿਆਰੀ ਕਰ! ਸਮੁੰਦਰ ਦੀਆਂ ਲਹਿਰਾਂ ਸਾਨੂੰ ਲੈ ਜਾਣ ਲਈ ਤਿਆਰ ਹਨ।

**(ਸਮੁੰਦਰੀ ਲਹਿਰਾਂ ਦਾ ਤੇਜ਼ ਸ਼ੋਰ)**

**ਮਰਦ ਸੂਤਰਧਾਰ:** ਤੇ ਸਮੁੰਦਰੀ ਲਹਿਰਾਂ ਸੀਤਾ ਤੇ ਗੋਬਿੰਦ ਨੂੰ ਭਾਰਤ ਦੇ ਪੱਛਮੀ ਤੱਟ ਤੱਕ ਲੈ ਆਉਂਦੀਆਂ ਹਨ। ਉਥੇ ਉਹਨਾਂ ਦੇ ਸਾਥੀ ਗੋਲਾਂ ਤੇ ਫਾਤਿਮਾ ਵੀ ਮਿਲ ਗਏ ! ਸਾਰੇ ਖੁਸ਼ !

**ਫਾਤਿਮਾ:** **(ਦੁਖੀ ਸੁਰ 'ਚ)** ਗੋਬਿੰਦ, ਸਮੁੰਦਰ ਦੀ ਬਦਤਤਰ ਹਾਲਾਤ ਤਾਂ ਸਾਡੀ ਕਲਪਨਾ ਵਿੱਚ ਵੀ ਨਹੀਂ ਸੀ। ਮਨੁੱਖਾਂ ਦੇ ਰਵੱਈਏ ਕਾਰਨ ਸਮੁੰਦਰ ਦੀ ਕੁਦਰਤੀ ਖੂਬਸੂਰਤੀ ਖ਼ਤਰੇ ਵਿਚ ਹੈ।

**ਗੋਬਿੰਦ:** ਹਾਂ ਫਾਤਿਮਾ ! ਸਮੁੰਦਰ ਤਾਂ ਕਈ ਪ੍ਰਕਾਰ ਦੇ ਅਨੋਖੇ ਜੀਵ-ਜੰਤੂਆਂ ਨਾਲ ਭਰਿਆ ਇਕ ਖੂਬਸੂਰਤ ਸੰਸਾਰ ਹੈ ਜੋ ਹੌਲੀ-ਹੌਲੀ ਨਸ਼ਟ ਹੋ ਰਿਹਾ। **(ਅਚਾਨਕ ਉਤਸ਼ਾਹਿਤ ਸੁਰ 'ਚ)** ਉਹ ਦੇਖੋ, ਕੀ ਹੈ? ਇਹ ਤਾਂ ਸਮੁੰਦਰ ਦੇ ਅੰਦਰ ਕੋਈ ਰੰਗੀਨ ਜਲਧਾਰਾ ਪ੍ਰਤੀਤ ਹੁੰਦੀ ਹੈ !

**ਔਰਤ ਸੂਤਰਧਾਰ:** ਫਾਤਿਮਾ ਤੇ ਗੋਬਿੰਦ, ਇਸ ਅਨੋਖੀ ਵਸਤ ਨੂੰ ਦੇਖਣ ਦੇ ਲਈ ਉਤਸ਼ਾਹਿਤ ਹਨ! ਉਹ ਤੇਜੀ ਨਾਲ ਉਸ ਰੰਗੀਨ ਜਲਧਾਰਾ ਵੱਲ ਭੱਜੇ ! ਹਾਲਾਂਕਿ ਸੀਤਾ ਤੇ ਗੋਲਾ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ।

**ਸੀਤਾ:** **(ਉੱਚੇ ਸੁਰ 'ਚ)** ਉੱਥੇ ਨਾ ਜਾਉ...! ਨਾ ਜਾਉ...!

**ਫਾਤਿਮਾ:** **(ਗੁੱਸੇ 'ਚ)** ਗੋਬਿੰਦ ! ਇਹ ਨਦੀ ਨਹੀਂ ਸਗੋਂ ਇਹ ਤਾਂ ਪਾਇਪਾਂ ਵਿਚੋਂ ਬਾਹਰ ਆ ਰਿਹਾ ਕੂੜਾ ਹੈ !

**ਗੋਬਿੰਦ:** ਹਾਏ... ਮੈਂ ਤਾਂ ਚਿੱਕੜ ਨਾਲ ਭਰ ਗਿਆ !

**ਸੀਤਾ:** **(ਹੱਸਦੇ ਹੋਏ, ਮਜ਼ਾਕੀਆ ਅੰਦਾਜ਼ 'ਚ)** ਜਿਸ ਨਦੀ ਵਿਚ ਤੁਸੀਂ ਹੁਣੇ-ਹੁਣੇ ਇਸ਼ਨਾਨ ਕੀਤਾ, ਉਹ ਤਾਂ ਹੈ ਫੈਕਟਰੀਆਂ ਦਾ ਕੂੜਾ, ਜਿਹੜਾ ਪਾਇਪਾਂ ਦੁਆਰਾ ਇੱਥੇ ਪਹੁੰਚ ਰਿਹਾ ਹੈ !

**ਫਾਤਿਮਾ:** **(ਹੈਰਾਨੀ ਨਾਲ)** ਹੈਂ...!

**ਸੀਤਾ:** ਭਾਰਤ ਦੇ ਸਮੁੱਚੇ ਸਮੁੰਦਰੀ ਤੱਟ 'ਤੇ ਲੱਗੇ ਸਾਰੇ ਕਲ-ਕਾਰਖਾਨੇ ਇਸੇ ਤਰ੍ਹਾਂ ਉਦਯੋਗਿਕ ਕੂੜੇ ਨੂੰ ਸਮੁੰਦਰ ਵਿਚ ਡੋਲ੍ਹ ਰਹੇ ਹਨ। ਸਮੁੰਦਰ ਦੇ ਕਿਨਾਰੇ ਵਸੇ ਬਹੁਤ ਸਾਰੇ ਸ਼ਹਿਰਾਂ ਦੀਆਂ ਸੀਵਰੇਜ ਲਾਈਨਾਂ ਵੀ ਸਮੁੰਦਰ ਵਿਚ ਹੀ ਡਿੱਗਦੀਆਂ ਹਨ।

**ਗੋਬਿੰਦ:** ਪਰ ਕੀ ਕਾਨੂੰਨ ਇਸ ਦੀ ਇਜ਼ਾਜਤ ਦਿੰਦਾ ਹੈ ?

**ਗੋਲਾ:** ਕਾਨੂੰਨ ਤਾਂ ਇਜ਼ਾਜਤ ਬਿਲਕੁਲ ਨਹੀਂ ਦਿੰਦਾ। ਤੱਟ ਰੱਖਿਆ ਨਿਯਮ, ਮਰਚੇਂਟ ਸ਼ਿਪਿੰਗ ਐਕਟ, ਜਲ ਪ੍ਰਦੂਸ਼ਣ ਨਿਯੰਤਰਣ 'ਤੇ ਰੋਕਥਾਮ ਨਿਯਮ, ਅਦਿ ਕਾਨੂੰਨਾਂ ਦਾ ਜ਼ਮੀਨੀ ਪੱਧਰ 'ਤੇ ਪਾਲਣ ਨਾ ਹੋਣ ਕਰਕੇ ਅਜਿਹੇ ਹਾਲਾਤ ਬਣੇ ਹਨ !

**ਸੀਤਾ:** ਇਸੇ ਤਰ੍ਹਾਂ 2014 ਵਿਚ ਸੁੰਦਰਬਨ ਖੇਤਰ ਵਿਚ ਹੋਏ ਤੇਲ ਰਿਸਾਵ ਦੇ ਕਾਰਨ ਕਈ ਸਮੁੰਦਰੀ ਪ੍ਰਜਾਤੀਆਂ ਮੌਤ ਦੇ ਮੂੰਹ ਵਿਚ ਜਾ ਪਈਆਂ ਸਨ !

**ਮਰਦ ਸੂਤਰਧਾਰ:** ਇਸ ਤਰ੍ਹਾਂ ਇਹ ਸਾਰੇ ਲੋਕ ਅਨੋਖੇ ਤੇ ਵੰਨ-ਸੁਵੰਨੇ ਜੀਵ-ਜੰਤੂਆਂ ਨੂੰ ਦੇਖਦੇ ਹੋਏ, ਹਾਲਾਤ 'ਤੇ ਚਰਚਾ ਕਰਦੇ-ਕਰਦੇ ਸਮੁੰਦਰ ਵਿਚ ਅੱਗੇ ਵਧਦੇ ਜਾ ਰਹੇ ਹਨ। ਹੁਣ ਸਮੁੰਦਰ ਦੀਆਂ ਲਹਿਰਾਂ ਨੇ ਉਨ੍ਹ ਨੂੰ ਵਾਪਸ ਸਮੁੰਦਰੀ ਤੱਟ ਤੱਕ ਪਹੁੰਚਾ ਦਿੱਤਾ। ਤੂਫ਼ਾਨ ਵੀ ਥਮ ਗਿਆ ਤੇ ਸਭ ਕੁਝ ਸ਼ਾਂਤ ਨਜ਼ਰ ਆ ਰਿਹਾ ਹੈ !

**ਗੋਲਾ:** ਉਹ ਸਾਹਮਣੇ ਪਾਣੀ ਦਾ ਇਕ ਜਹਾਜ਼ ਨਜ਼ਰ ਆ ਰਿਹਾ। ਇਹ ਖੋਜੀ ਜਹਾਜ ਹੈ। ਤੁਸੀਂ ਦੋਵੇਂ ਇਸਦੇ ਨੇੜੇ ਪਹੁੰਚ ਜਾਉ। ਜਹਾਜ਼ ਵਿਚ ਮੌਜੂਦ ਲੋਕ ਤੁਹਾਨੂੰ ਸੁਰੱਖਿਅਤ ਖਿੱਚ ਲੈਣਗੇ ਤੇ ਵਾਪਿਸ ਘਰ ਪਹੁੰਚਾ ਦੇਣਗੇ !

**ਸੀਤਾ:** ਸਾਨੂੰ ਤੁਹਾਡੀ ਬਹੁਤ ਯਾਦ ਆਏਗੀ।

**ਫਾਤਿਮਾ:** ਤੁਹਾਡਾ ਇਹ ਸਾਥ ਸਾਡੇ ਲਈ ਯਾਦਗਾਰ ਰਹੇਗਾ !

**ਗੋਬਿੰਦ:** ਠੀਕ ਹੈ... ਫਿਰ ਮਿਲਾਂਗੇ !

**ਔਰਤ ਸੂਤਰਧਾਰ:** ਜਿਵੇ ਹੀ ਖੋਜੀ ਜਹਾਜ਼ ਉਨ੍ਹਾਂ ਦੇ ਨੇੜੇ ਪਹੁੰਚਿਆ, ਦੋਵੇਂ ਬੱਚੇ ਜਹਾਜ਼ ਵੱਲ ਤੈਰਨ ਲੱਗੇ। ਹੁਣ ਉਹ ਆਪਣੇ ਮਨੁੱਖੀ ਰੂਪ ਵਿਚ ਆ ਚੁੱਕੇ ਸਨ। ਦੋਵੇਂ ਬੱਚਿਆਂ ਨੂੰ ਜਹਾਜ਼ ਨੇ ਉੱਪਰ ਖਿੱਚ ਲਿਆ ਤੇ ਉਨ੍ਹਾਂ ਨੂੰ ਖਾਣਾ ਪਾਣੀ ਦਿੱਤਾ। ਜਹਾਜ਼ ਵਿਚ ਮੌਜੂਦ ਨੈਨਸੀ ਨੇ ਵੇਖਿਆ ਕਿ ਦੋਵੇਂ ਕਾਫ਼ੀ ਥੱਕੇ ਹੋਏ ਹਨ, ਤਾਂ ਉਸਨੇ ਬਾਕੀ ਲੋਕਾਂ ਨੂੰ ਪਾਸੇ ਹੋਣ ਲਈ ਕਿਹਾ।

**ਨੈਨਸੀ:** **(ਰੋਅਬਦਾਰ ਅਵਾਜ਼ 'ਚ/ ਆਦੇਸ਼ ਦੇ ਲਹਿਜ਼ੇ 'ਚ)** ਦੂਰ ਹੋ ਜਾਉ ਸਾਰੇ... ਦੂਰ ਹੋ ਜਾਉ...। ਬੱਚੇ ਥੱਕੇ ਹੋਏ ਹਨ । ਜੋ ਕੁਝ ਵੀ ਪੁੱਛਣਾ ਹੈ ਬਾਅਦ ਵਿਚ ਪੁੱਛ ਲੈਣਾ !

**ਫਾਤਿਮਾ:** ਥੈਂਕਯੂ ਦੀਦੀ..। ਅਸੀਂ ਤੁਹਾਡੇ ਕੋਲੋਂ ਵੀ ਕੁਝ ਜਾਣਨਾ ਚਾਹੁੰਦੇ ਹਾਂ ?

**ਨੈਨਸੀ:** ਕੀ ਜਾਣਨਾ ਹੈ ?

**ਫਾਤਿਮਾ:** ਕਿ ਮਨੁੱਖ ਸਮੁੰਦਰ ਨੂੰ ਬਰਬਾਦ ਕਰਨ 'ਤੇ ਕਿਉਂ ਤੁਲਿਆ ਹੈ? ਜਦੋਂ ਕਿ ਸਮੁੰਦਰ ਕਾਰਨ ਇਹ ਧਰਤੀ ਜੀਵਤ ਹੈ ! ਬਹੁਤ ਸਾਰੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਸਮੁੰਦਰ 'ਤੇ ਨਿਰਭਰ ਹਨ !

**ਮਰਦ ਸੂਤਰਧਾਰ:** ਫਾਤਿਮਾ ਵਰਗੀ ਛੋਟੀ ਬੱਚੀ ਦੀਆਂ ਗੰਭੀਰ ਗੱਲਾਂ ਸੁਣਕੇ ਨੈਨਸੀ ਵੀ ਹੈਰਾਨ ਸੀ। ਛੋਟੀ ਜਿਹੀ ਬੱਚੀ ਦੀ ਸਮੁੰਦਰ ਸੁਰੱਖਿਅਣ ਬਾਬਤ ਐਨੀ ਡੂੰਘੀ ਸੋਚ ! ਦੁਚਿੱਤੀ ਵਿਚ ਪਈ ਨੈਨਸੀ ਨੇ ਉਸ ਦੀ ਜਗਿਆਸਾ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

**ਨੈਨਸੀ:** ਬੇਸ਼ੱਕ ਮਨੁੱਖ ਜਾਣੇ ਜਾਂ ਅਣਜਾਣੇ, ਆਪਣੀਆਂ ਹਰਕਤਾਂ ਨਾਲ ਸਮੁੰਦਰ ਨੂੰ ਬਰਬਾਦ ਕਰ ਰਿਹਾ ਹੈ, ਪਰ ਸਮੁੰਦਰ ਦੇ ਸੁਰੱਖਿਅਣ ਦੇ ਲਈ ਕਈ ਉਪਾਅ ਵੀ ਤਾਂ ਕੀਤੇ ਜਾ ਰਹੇ ਨੇ !

**ਗੋਬਿੰਦ:** ਕਿਹੜੇ ਉਪਾਅ ?

**ਨੈਨਸੀ:** ਜੰਗਲੀ ਜੀਵ-ਸੁਰੱਖਿਅਣ ਨਿਯਮ ਤੇ ਵਣ-ਸੁਰੱਖਿਅਣ ਨਿਯਮ ਤਹਿਤ ਸਮੁੰਦਰੀ ਜੈਵ-ਵਿਭਿੰਨਤਾ ਦੇ ਸੁਰੱਖਿਅਣ ਦਾ ਉਪਬੰਧ ਹੈ ! ਇਸੇ ਤਰ੍ਹਾਂ ਮੈਰੀਨ ਫਿਸ਼ਿੰਗ ਰੇਗੂਲੇਸ਼ਨ ਐਕਟ ਦੁਆਰਾ ਮੱਛੀ ਫੜਨ ਵਾਲੇ

ਜਾਲਾਂ ਦਾ ਅਕਾਰ, ਮੱਛੀ ਫੜਨ ਦੇ ਸੀਜ਼ਨ ਵਗੈਰਾ ਦੇ ਬਾਰੇ ਨਿਯਮ-ਕਾਨੂੰਨ ਤੈਅ ਕੀਤੇ ਗਏ ਹਨ।

ਗੋਬਿੰਦ: **(ਆਪਣੇ-ਆਪ ਨਾਲ ਗੱਲਾਂ ਕਰਦੇ ਹੋਏ।)** ਗੋਲਾ ਨੇ ਠੀਕ ਹੀ ਕਿਹਾ ਸੀ ਕਿ ਸਾਡੇ ਦੇਸ਼ ਵਿਚ ਕਾਨੂੰਨਾਂ ਦੀ ਤਾਂ ਕੋਈ ਘਾਟ ਨਹੀਂ ਪਰ ਉਨ੍ਹਾਂ ਦਾ ਪਾਲਣ ਕੌਣ ਕਰਦਾ ਹੈ ?

ਨੈਨਸੀ: ਕੀ ਕਿਹਾ ਤੁਸੀਂ...?

ਗੋਬਿੰਦ: **(ਘਬਰਾਉਂਦੇ ਹੋਏ।)** ਨਹੀਂ...! ਕੁਝ ਨਹੀਂ...!

ਨੈਨਸੀ: **(ਸੰਦੇਹਪੂਰਨ ਅਵਾਜ਼)** ਠੀਕ ਹੈ...**(ਗੰਭੀਰ ਸੁਰ 'ਚ)** ਸਮੁੰਦਰ ਦੇ ਸੁਰੱਖਿਅਣ ਦੇ ਲਈ ਸਰਗਰਮ ਸ਼ਮੂਲੀਅਤ ਨਾਲ ਜਾਗਰੂਕਤਾ ਅਭਿਆਨ ਚਲਾਉਣ ਦੀ ਲੋੜ ਹੈ। ਸਾਨੂੰ ਕੁਦਰਤ ਦੇ ਇਸ ਮਹੱਤਵਪੂਰਨ ਸਾਧਨ ਨੂੰ ਬਚਾਉਣ ਲਈ ਮਿਲ ਕੇ ਕੰਮ ਕਰਨਾ ਹੋਵੇਗਾ! ਸਮੁੰਦਰ ਤਾਂ ਹੈ ਸਾਡਾ ਜੀਵਣਦਾਨ !

ਫਾਤਿਮਾ: ਬਿਲਕੁਲ ਠੀਕ! ਅਧਿਕਾਰੀਆਂ, ਵਿਗਿਆਨੀਆਂ ਤੇ ਬਾਕੀ ਲੋਕਾਂ ਨੂੰ ਸਮੁੰਦਰ ਦੇ ਸੁਰੱਖਿਅਣ ਦੇ ਲਈ ਇਕੱਠੇ ਮਿਲ ਕੇ ਕੰਮ ਕਰਨਾ ਹੋਵੇਗਾ!

ਨੈਨਸੀ: ਹਾਂ ! ਇਸ ਕਾਰਜ ਵਾਸਤੇ ਜੀਵ ਵਿਗਿਆਨ, ਰਸਾਇਣ ਵਿਗਿਆਨ, ਜਲਵਾਯੂ ਵਿਗਿਆਨ, ਭੂ-ਗਰਭ ਵਿਗਿਆਨ, ਕੰਪਿਊਟਰ ਪ੍ਰੋਗਰਾਮਿੰਗ ਅਤੇ ਐਨੀਮੇਸ਼ਨ ਨਾਲ ਜੁੜੇ ਲੋਕਾਂ ਦੀ ਕੋਸ਼ਿਸ਼ ਹੈ ਕਿ ਸਮੁੰਦਰ ਦੇ ਬਾਰੇ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀਆਂ ਇਕੱਠੀਆਂ ਕੀਤੀਆਂ ਜਾ ਸਕਣ !

ਗੋਬਿੰਦ: ਮੈਂ ਇਕ ਕਿਤਾਬ ਵਿਚ ਪੜ੍ਹਿਆ ਸੀ ਕਿ ਅਸੀਂ ਉਸੇ ਚੀਜ਼ ਦਾ ਸੁਰੱਖਿਅਣ ਕਰਦੇ ਹਾਂ ਜਿਸ ਨੂੰ ਅਸੀਂ ਪਿਆਰ ਕਰਦੇ ਹਾਂ ਤੇ ਅਸੀਂ ਉਸੇ ਚੀਜ ਨੂੰ ਹੀ ਪਿਆਰ ਕਰਦੇ ਹਾਂ ਜਿਸ ਨੂੰ ਅਸੀਂ ਸਮਝ ਸਕੇ ਹਾਂ।

ਨੈਨਸੀ: ਹਾਂ, ਇਹ ਤਾਂ ਬਹੁਤ ਹੀ ਮਸ਼ਹੂਰ ਕਹਾਵਤ ਹੈ ਅਤੇ ਹੈ ਵੀ ਸੱਚ ! ਤਟੀ ਖੇਤਰਾਂ ਦੇ ਸਮੁੱਚੇ ਈਕੋਸਿਸਟਮ 'ਤੇ ਅਜਿਹੇ ਪ੍ਰੋਜੈਕਟ ਵੀ ਹਨ ਜਿਨ੍ਹਾਂ ਵਿਚ ਸਦਾਬਹਾਰ ਜੰਗਲ, ਸਥਾਨਕ ਲੋਕਾਂ ਦੀ ਆਮਦਨ, ਪ੍ਰਦੂਸ਼ਣ 'ਤੇ ਨਿਯੰਤਰਨ ਅਤੇ ਸੀਵਰੇਜ ਟ੍ਰੀਟਮੈਂਟ ਵੀ ਸ਼ਾਮਲ ਹੈ!

ਫਾਤਿਮਾ: ਤਦ ਤਾਂ ਸਾਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਸਮਾਂ ਜ਼ਰੂਰ ਬਦਲੇਗਾ !

ਨੈਨਸੀ: ਹਾਂ, ਜੇਕਰ ਸਾਰੇ ਲੋਕ ਪ੍ਰਸ਼ਾਸ਼ਨ ਤੇ ਸਰਕਾਰਾਂ ਇਸ ਗੱਲ ਨੂੰ ਸਮਝਣਗੇ ਅਤੇ ਮਿਲ ਕੇ ਕੰਮ ਕਰਨਗੇ ਤਾਂ ਚੰਗਾ ਸਮਾਂ ਮੁੜ ਪਾਏਗਾ ਫੇਰੀ ! **(ਸਮੁੰਦਰੀ ਲਹਿਰਾਂ ਦਾ ਸ਼ੋਰ)**

----------ਸਮਾਪਤੀ ਸੰਗੀਤ----------

ਪ੍ਰਸ਼ਨ 1: ਮੂੰਗੇ ਰੰਗ -ਬਰੰਗੇ ਕਿਉਂ ਹੁੰਦੇ ਨੇ ?

ਉਤਰ: ਇਨ੍ਹਾਂ ਉਪਰ ਚਿੰਬੜੀਆਂ ਕਾਈਆਂ ਕਰਕੇ

ਪ੍ਰਸ਼ਨ 2: ਅਕਤੂਬਰ 2017 ਵਿੱਚ ਬਾਟਮ ਟਰਾਲਿੰਗ ਰੋਕਨ ਦਾ ਫੈਸਲਾ ਕਿਸ ਸਮੁੰਦਰੀ ਖੇਤਰ ਬਾਬਤ ਹੋਇਆ ਹੈ ?

ਉਤਰ: ਪਾਕ ਸਟਰੇਟ ( ਪਾਕ ਜਲ ਡਮਰੂ ) ਭਾਰਤ ਤੇ ਸ੍ਰੀ ਲੰਕਾ ਵਿੱਚ ਇੱਕ ਤੰਗ ਸਮੁੰਦਰੀ ਜੋੜਕ ਬਾਬਤ ।